

# ਪਾਠ 11
# ਮੁਗ਼ਲ ਸਾਮਰਾਜ

15ਵੀਂ ਸਦੀ ਵਿੱਚ ਭਾਰਤੀ ਉਪਮਹਾਂਦੀਪ ਕਈ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਇਹ ਰਾਜ ਆਪਣੀ ਪ੍ਰਭੂਸੱਤਾ ਲਈ ਆਪਸ ਵਿੱਚ ਲੜਦੇ-ਝਗੜਦੇ ਸਨ। ਦਿੱਲੀ ਸਲਤਨਤ ਦੇ ਆਖਰੀ ਸੁਲਤਾਨ ਇਬਰਾਹੀਮ ਲੋਧੀ ਨੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਨਾਲ਼ ਬੁਰਾ ਸਲੂਕ ਅਤੇ ਉਸ ਦੇ ਪੁੱਤਰ ਦਾ ਅਪਮਾਨ ਕੀਤਾ ਸੀ। ਇਸ ਕਰਕੇ ਦੌਲਤ ਖਾਂ ਲੋਧੀ ਅਤੇ ਮੇਵਾੜ ਦੇ ਸ਼ਾਸਕ ਰਾਣਾ ਸਾਂਗਾ ਨੇ ਕਾਬੁਲ ਦੇ ਸ਼ਾਸਕ ਬਾਬਰ ਨੂੰ ਭਾਰਤ ਉਤੇ ਹਮਲਾ ਕਰਨ ਲਈ ਬੁਲਾਇਆ। ਬਾਬਰ ਨੇ 1526 ਈ: ਵਿੱਚ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾਇਆ।

## ਮੁਗ਼ਲ ਕੌਣ ਸਨ ?

ਮੁਗ਼ਲ ਮੱਧ ਏਸ਼ੀਆ ਦੇ ਮੰਗੋਲ ਸ਼ਾਸਕ ਚੰਗੇਜ਼ ਖਾਂ ਦੇ ਉਤਰਾਧਿਕਾਰੀ ਸਨ। ਇਹਨਾਂ ਨੇ ਭਾਰਤ ਦੀ ਧਨ-ਦੌਲਤ ਬਾਰੇ ਸੁਣਿਆ ਸੀ। ਉਹ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਭਾਰਤ ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਨਤੀਜੇ ਵਜੋਂ 1526 ਈ. ਵਿਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਰਾ ਕੇ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ।

### ਸਾਰਣੀ-1

**ਮੁਗ਼ਲ ਬਾਦਸ਼ਾਹ**

| | |
|---|---|
| ਬਾਬਰ | 1526-1530 ਈ. |
| ਹਮਾਯੂੰ | 1530-1540 ਈ. ਅਤੇ 1555-1556 ਈ. |
| ਅਕਬਰ | 1556-1605 ਈ. |
| ਜਹਾਂਗੀਰ | 1605-1627 ਈ. |
| ਸ਼ਾਹਜਹਾਂ | 1628-1657 ਈ. |
| ਔਰੰਗਜ਼ੇਬ | 1658-1707 ਈ. |

## ਬਾਬਰ (1526-1530 ਈ:)

ਬਾਬਰ ਮੁਗ਼ਲ ਸਾਮਰਾਜ ਦਾ ਪਹਿਲਾ ਸ਼ਾਸਕ ਸੀ। ਉਹ ਦੌਲਤ ਖਾਂ ਲੋਧੀ ਅਤੇ ਮੇਵਾੜ ਦੇ ਸ਼ਾਸਕ ਰਾਣਾ ਸਾਂਗਾ ਦੇ ਸੱਦੇ 'ਤੇ ਮੱਧ ਏਸ਼ੀਆ ਤੋਂ ਭਾਰਤ ਆਇਆ।

**(ੳ) ਬਾਬਰ ਦੀਆਂ ਜਿੱਤਾਂ :** 1526 ਈ: ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਹਰਾ ਕੇ ਦਿੱਲੀ ਅਤੇ ਆਗਰੇ 'ਤੇ ਕਬਜ਼ਾ ਕਰ ਲਿਆ। ਬਾਬਰ ਦੁਆਰਾ ਅਜਿਹਾ ਕਰਨ ਕਰਕੇ ਰਾਣਾ ਸਾਂਗਾ ਬਾਬਰ ਦੇ ਨਾਲ਼ ਨਰਾਜ ਹੋ ਗਿਆ। ਉਸ ਨੇ ਬਾਬਰ ਦੇ ਵਿਰੁੱਧ ਇੱਕ ਵਿਸ਼ਾਲ ਸੈਨਾ ਭੇਜੀ। ਬਾਬਰ ਨੇ ਰਾਣਾ ਸਾਂਗਾ ਨੂੰ 1527 ਈ: ਵਿੱਚ **ਕਾਨਵਾਹ** ਦੀ ਲੜਾਈ ਵਿੱਚ ਹਰਾ ਦਿੱਤਾ। ਇਸ ਤਰ੍ਹਾਂ ਬਾਬਰ ਨੇ ਉੱਤਰੀ ਭਾਰਤ 'ਤੇ ਅਧਿਕਾਰ ਕਰ ਲਿਆ। ਉਸ ਨੇ 1528 ਈ: ਵਿੱਚ **ਚੰਦੇਰੀ** ਦੀ ਲੜਾਈ ਵਿੱਚ ਰਾਜਪੂਤਾਂ ਨੂੰ ਵੀ ਬੁਰੀ ਤਰ੍ਹਾਂ ਹਰਾਇਆ। 1529 ਈ: ਵਿੱਚ ਬਾਬਰ ਨੇ ਅਫ਼ਗਾਨਾਂ ਨੂੰ ਘਾਘਰਾ ਦੀ ਲੜਾਈ ਵਿੱਚ ਹਰਾਇਆ ਸੀ। 1530 ਈ: ਵਿੱਚ ਬਾਬਰ ਦੀ ਮੌਤ ਹੋ ਗਈ ਅਤੇ ਉਸ ਦਾ ਪੁੱਤਰ ਹੁਮਾਯੂੰ ਉਸ ਦਾ ਉਤਰਾਧਿਕਾਰੀ ਨਿਯੁੱਕਤ ਹੋਇਆ।




*ਚਿੱਤਰ 11.1* ਬਾਬਰ

## ਹੁਮਾਯੂੰ

1530 ਈ: ਵਿੱਚ **ਬਾਬਰ** ਦੀ ਮੌਤ ਹੋ ਜਾਣ ਕਰਕੇ ਉਸ ਦਾ ਪੁੱਤਰ ਹੁਮਾਯੂੰ ਮੁਗ਼ਲ ਬਾਦਸ਼ਾਹ ਬਣਿਆ। ਪਰੰਤੂ 1540 ਈ: ਵਿੱਚ ਸ਼ੇਰ ਸ਼ਾਹ ਸੂਰੀ ਨੇ ਉਸ ਨੂੰ ਹਰਾ ਕੇ ਭਾਰਤ ਤੋਂ ਬਾਹਰ ਕੱਢ ਦਿੱਤਾ। ਪਰੰਤੂ 1555 ਈ: ਵਿੱਚ ਹੁਮਾਯੂੰ ਨੇ ਸ਼ੇਰ ਸ਼ਾਹ ਸੂਰੀ ਦੇ ਉਤਰਾਧਿਕਾਰੀ ਸਿਕੰਦਰ ਸੂਰੀ ਨੂੰ ਹਰਾ ਕੇ ਦੁਬਾਰਾ ਦਿੱਲੀ 'ਤੇ ਅਧਿਕਾਰ ਕਰ ਲਿਆ। 1556 ਈ: ਵਿੱਚ ਹੁਮਾਯੂੰ ਦੀ ਮੌਤ ਹੋ ਗਈ।



*ਚਿੱਤਰ 11.2* ਹੁਮਾਯੂੰ




**ਚਿੱਤਰ 11.3** *ਭਾਰਤ 1526 ਈ. ਵਿੱਚ*

**ਅਕਬਰ ਬਾਰੇ ਵਿਸ਼ੇਸ਼ ਅਧਿਐਨ :**

## ਅਕਬਰ (1556-1605 ਈ:)

ਹੁਮਾਯੂੰ ਦੀ ਮੌਤ ਪਿੱਛੋ 14 ਫਰਵਰੀ 1556 ਈ: ਨੂੰ ਬੈਰਮ ਖਾਂ ਨੇ ਅਕਬਰ ਨੂੰ ਕਲਾਨੌਰ (ਗੁਰਦਾਸਪੁਰ) ਮੁਗ਼ਲ ਰਾਜਗੱਦੀ ਉੱਤੇ ਬੈਠਾਇਆ।




*ਚਿੱਤਰ 11.4 ਅਕਬਰ*

ਅਕਬਰ ਨੇ ਰਾਜਗੱਦੀ 'ਤੇ ਬੈਠਣ ਪਿੱਛੋਂ ਜਲਦੀ ਹੀ ਦਿੱਲੀ ਅਤੇ ਆਗਰੇ 'ਤੇ ਮੁੜ ਕਬਜ਼ਾ ਕਰਨ ਲਈ ਦਿੱਲੀ ਵੱਲ ਕੂਚ ਕੀਤਾ। 1556 ਈ: ਵਿੱਚ ਉਸ ਦਾ ਅਫ਼ਗਾਨਿਸਤਾਨ ਦੇ ਸੈਨਾਪਤੀ ਹੇਮੂੰ ਨਾਲ਼ ਪਾਨੀਪਤ ਦੇ ਮੈਦਾਨ ਵਿੱਚ ਟਾਕਰਾ ਹੋਇਆ। ਅਕਬਰ ਇਸ ਲੜਾਈ ਵਿੱਚ ਜਿੱਤ ਗਿਆ ਅਤੇ ਹੇਮੂੰ ਦੀ ਮੌਤ ਹੋ ਗਈ।

*ਤੁਹਾਨੂੰ ਇਸ ਦਾ ਕਾਰਨ ਪਤਾ ਹੈ ਕਿ ਅਕਬਰ ਨੇ ਰਾਜਪੂਤ ਰਾਜਕੁਮਾਰੀਆਂ ਨਾਲ ਵਿਆਹ ਕਿਉਂ ਕਰਵਾਏ ਸਨ?*

1560 ਈ: ਵਿੱਚ ਅਕਬਰ ਨੇ ਬੈਰਮ ਖਾਂ ਦੀ ਨਵਾਬ-ਸ਼ਾਹੀ ਖ਼ਤਮ ਕਰ ਦਿੱਤੀ ਅਤੇ ਸਰਕਾਰ 'ਤੇ ਕਬਜ਼ਾ ਕਰ ਲਿਆ।

**ਅਕਬਰ ਦੀਆਂ ਜਿੱਤਾਂ :** ਅਕਬਰ ਨੇ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਲਈ ਗਵਾਲੀਅਰ, ਜੌਨਪੁਰ, ਅਜ਼ਮੇਰ ਅਤੇ ਮਾਲਵਾ 'ਤੇ ਜਿੱਤ ਪ੍ਰਾਪਤ ਕੀਤੀ। ਅਕਬਰ ਰਾਜਪੂਤਾਂ ਨਾਲ਼ ਦੋਸਤਾਨਾਂ ਸਬੰਧ ਕਾਇਮ ਕਰਨਾ ਚਾਹੁੰਦਾ ਸੀ। ਉਸ ਨੇ ਰਾਜਪੂਤ ਪਰਿਵਾਰਾਂ ਵਿੱਚ ਰਾਜਪੂਤ ਰਾਜ ਕੁਮਾਰੀਆਂ ਨਾਲ਼ ਆਪਣੇ ਵਿਆਹ ਕਰਵਾਏ। ਇਸ ਤਰ੍ਹਾਂ ਉਸ ਨੇ ਵਿਆਹਕ ਸੰਧੀਆਂ ਰਾਹੀਂ ਆਪਣੀ ਸਥਿਤੀ ਨੂੰ ਮਜ਼ਬੂਤ ਬਣਾਇਆ। ਉਸ ਨੇ ਆਪਣੇ ਸ਼ਾਸਨ ਪ੍ਰਬੰਧ




*ਚਿੱਤਰ 11.5 ਅਕਬਰ ਦੇ ਸਮੇਂ ਮੁਗ਼ਲ ਸਾਮਰਾਜ*

ਵਿੱਚ ਰਾਜਪੂਤਾਂ ਨੂੰ ਉੱਚੇ ਅਹੁਦੇ ਦਿੱਤੇ। ਕੁਝ ਰਾਜਪੂਤ ਉਸ ਦੇ ਮਹੱਤਵਪੂਰਨ ਅਤੇ ਵਫ਼ਾਦਾਰ ਅਫ਼ਸਰ ਸਨ ਜਿਵੇਂ ਕਿ **ਰਾਜਾ ਮਾਨ ਸਿੰਘ**। ਪਰੰਤੂ ਉਹ ਉਹਨਾਂ ਰਾਜਪੂਤਾਂ ਦੇ ਵਿਰੁੱਧ ਲੜਿਆ ਵੀ ਸੀ, ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ ਜਿਵੇਂ ਕਿ ਮੇਵਾੜ ਦਾ ਰਾਣਾ ਪ੍ਰਤਾਪ ਸਿੰਘ।

ਅਕਬਰ ਸਾਰੇ ਭਾਰਤ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਗੁਜਰਾਤ ਅਤੇ ਬੰਗਾਲ ਨੂੰ ਜਿੱਤ ਲਿਆ। 1595 ਈ: ਵਿੱਚ ਉਸ ਨੇ ਕਸ਼ਮੀਰ, ਸਿੰਧ, ਉੜੀਸਾ, ਮੱਧ ਭਾਰਤ ਦੇ ਜ਼ਿਆਦਾ ਹਿੱਸੇ ਅਤੇ ਕੰਧਾਰ 'ਤੇ ਵੀ ਜਿੱਤ ਪ੍ਰਾਪਤ ਕਰ ਲਈ। ਉਸ ਨੇ ਉੱਤਰ-ਪੱਛਮ ਵਿੱਚ ਕਸ਼ਮੀਰ, ਸਿੰਧ, ਕਾਬੁਲ ਅਤੇ ਕੰਧਾਰ ਨੂੰ ਵੀ ਆਪਣੇ ਸਾਮਰਾਜ ਵਿੱਚ ਸ਼ਾਮਲ ਕਰ ਲਿਆ। ਮੁਗ਼ਲਾਂ ਨੇ ਬਰਾਰ, ਖਾਨਦੇਸ਼, ਅਤੇ ਅਹਿਮਦਨਗਰ ਰਾਜ ਦੇ ਹਿੱਸਿਆਂ ਉਤੇ ਸਮੁੱਚੇ ਰੂਪ ਵਿੱਚ ਅਧਿਕਾਰ ਕਰ ਲਿਆ ਸੀ। ਅਕਬਰ ਭਾਰਤ ਦੇ ਵੱਡੇ ਹਿੱਸੇ ਦਾ ਬਾਦਸ਼ਾਹ ਬਣ ਗਿਆ ਸੀ।

## ਅਕਬਰ ਦਾ ਸ਼ਾਸਨ ਪ੍ਰਬੰਧ

ਅਕਬਰ ਮੁਗਲ ਸ਼ਾਸਨ ਪ੍ਰਬੰਧ ਦਾ ਅਸਲ ਨਿਰਮਾਤਾ ਸੀ। ਉਸ ਨੇ ਸ਼ਾਸਨ ਪ੍ਰਬੰਧ ਵਿੱਚ ਬਹੁਤ ਸਾਰੇ ਸੁਧਾਰ ਕੀਤੇ ਸਨ।

### (ੳ) ਕੇਂਦਰੀ ਸ਼ਾਸਨ ਪ੍ਰਬੰਧ

**ਰਾਜਾ :** ਰਾਜਾ ਸਿਵਲ ਅਤੇ ਸੈਨਿਕ ਸ਼ਾਸਨ ਪ੍ਰਬੰਧ ਦਾ ਮੁਖੀ ਸੀ। ਉਸ ਦੀ ਸਹਾਇਤਾ ਲਈ ਬਹੁਤ ਸਾਰੇ ਮੰਤਰੀ ਹੁੰਦੇ ਸਨ। ਉਹਨਾਂ ਵਿੱਚੋਂ ਪ੍ਰਮੁੱਖ ਮੰਤਰੀ ਵਕੀਲ, ਦੀਵਾਨ-ਏ-ਆਲਾ, ਮੀਰ ਬਖਸ਼ੀ, ਸਦਰ-ਏ-ਸਦੂਰ, ਫੌਜ਼ਦਾਰ, ਕੋਤਵਾਲ ਸਨ।

### (ਅ) ਪ੍ਰਾਂਤਿਕ ਸ਼ਾਸਨ ਪ੍ਰਬੰਧ

ਅਕਬਰ ਬਾਦਸ਼ਾਹ ਨੇ ਪ੍ਰਸ਼ਾਸਨ ਨੂੰ ਠੀਕ ਤਰ੍ਹਾਂ ਚਲਾਉਣ ਲਈ ਮੁਗ਼ਲ ਸਾਮਰਾਜ ਨੂੰ 15 ਪ੍ਰਾਂਤਾਂ ਜਾਂ ਸੂਬਿਆਂ ਵਿੱਚ ਵੰਡਿਆ ਹੋਇਆ ਸੀ।

1. **ਸੂਬੇਦਾਰ :** ਸੂਬੇਦਾਰ ਪ੍ਰਾਂਤ ਦਾ ਮੁਖੀ ਹੁੰਦਾ ਸੀ। ਉਸ ਦਾ ਮੁੱਖ ਕੰਮ ਆਪਣੇ ਪ੍ਰਾਂਤ ਵਿੱਚ ਸ਼ਾਂਤੀ ਸਥਾਪਤ ਕਰਨਾ ਅਤੇ ਕਾਨੂੰਨੀ ਵਿਵਸਥਾ ਲਾਗੂ ਕਰਨਾ ਸੀ।
2. **ਦੀਵਾਨ :** ਉਹ ਪ੍ਰਾਂਤ ਦੇ ਵਿੱਤ ਵਿਭਾਗ ਦਾ ਮੁਖੀ ਸੀ। ਉਹ ਪ੍ਰਾਂਤ ਦੀ ਆਮਦਨ ਅਤੇ ਵਿੱਤ ਦਾ ਹਿਸਾਬ ਰੱਖਦਾ ਸੀ।
3. **ਬਖਸ਼ੀ :** ਉਹ ਪ੍ਰਾਂਤ ਦੇ ਸੈਨਿਕ ਪ੍ਰਬੰਧ ਦੀ ਦੇਖ-ਭਾਲ ਕਰਦਾ ਸੀ। ਉਹ ਘੋੜਿਆਂ ਨੂੰ ਦਾਗਣ ਦਾ ਵੀ ਪ੍ਰਬੰਧ ਕਰਦਾ ਸੀ।
4. **ਸਦਰ :** ਉਹ ਪ੍ਰਾਂਤ ਦੇ ਸੰਤਾਂ-ਮਹਾਤਮਾਂ ਅਤੇ ਪੀਰਾਂ-ਫਕੀਰਾਂ ਦਾ ਵੇਰਵਾ ਤਿਆਰ ਕਰਦਾ ਸੀ।
5. **ਵਾਕਿਆ ਨਵੀਸ :** ਉਹ ਜਾਸੂਸੀ ਵਿਭਾਗ ਦਾ ਮੁਖੀ ਹੁੰਦਾ ਸੀ। ਉਹ ਪ੍ਰਾਂਤ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਵੇਰਵਾ ਰੱਖਦਾ ਸੀ।

6. **ਕੋਤਵਾਲ :** ਉਹ ਪੁਲਿਸ ਅਧਿਕਾਰੀ ਸੀ। ਉਸ ਦਾ ਮੁੱਖ ਕੰਮ ਸ਼ਹਿਰ ਵਿੱਚ ਸ਼ਾਤੀ ਸਥਾਪਤ ਕਰਨਾ ਅਤੇ ਸ਼ਹਿਰ ਦੀ ਪਹਿਰੇਦਾਰੀ ਕਰਨਾ ਸੀ।

## (ਗ) ਸਥਾਨਿਕ ਸ਼ਾਸਨ ਪ੍ਰਬੰਧ

ਅਕਬਰ ਬਾਦਸ਼ਾਹ ਨੇ ਮੁਗ਼ਲ ਸਾਮਰਾਜ ਦੇ ਸਥਾਨਿਕ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣ ਲਈ ਪ੍ਰਾਂਤਾਂ ਨੂੰ ਸਰਕਾਰਾਂ ਜਾਂ ਜ਼ਿਲ੍ਹਿਆਂ, ਪਰਗਨਿਆਂ ਅਤੇ ਪਿੰਡਾਂ ਵਿੱਚ ਵੰਡਿਆ ਹੋਇਆ ਸੀ।

## ਭੂਮੀ ਲਗਾਨ ਪ੍ਰਣਾਲੀ

ਭੂਮੀ ਲਗਾਨ ਮੁਗ਼ਲ ਸਾਮਰਾਜ ਦੀ ਆਮਦਨ ਦਾ ਮੁੱਖ ਸ੍ਰੋਤ ਸੀ। ਅਕਬਰ ਨੇ **ਲਗਾਨ** ਮੰਤਰੀ **ਰਾਜਾ ਟੋਡਰ ਮਲ** ਦੀ ਸਹਾਇਤਾ ਨਾਲ਼ ਲਗਾਨ ਵਿਭਾਗ ਵਿੱਚ ਬਹੁਤ ਸੁਧਾਰ ਕੀਤੇ। 1. ਭੂਮੀ ਦੀ ਮਿਣਤੀ 2. ਭੂਮੀ ਦੀ ਦਰਜਾਬੰਦੀ ਜਾਂ ਵਰਗੀਕਰਣ।

1. **ਭੂਮੀ ਦੀ ਮਿਣਤੀ :** ਭੂਮੀ ਦੀ ਬਿਘਿਆਂ ਵਿੱਚ ਮਿਣਤੀ ਕੀਤੀ ਗਈ।
2. **ਭੂਮੀ ਦੀ ਦਰਜ਼ਾਬੰਦੀ :** ਅਕਬਰ ਨੇ ਸਾਰੀ ਭੂਮੀ ਨੂੰ ਹੇਠ ਲਿਖੇ ਚਾਰ ਭਾਗਾਂ ਵਿੱਚ ਵੰਡਿਆ:
   - (ੳ) ਪੋਲਜ਼ ਭੂਮੀ : ਇਹ ਬਹੁਤ ਉਪਜਾਊ ਭੂਮੀ ਸੀ। ਇਸ ਵਿੱਚ ਕਿਸੇ ਵੀ ਸਮੇਂ ਕੋਈ ਵੀ ਫ਼ਸਲ ਬੀਜੀ ਜਾ ਸਕਦੀ ਸੀ।
   - (ਅ) ਪਰੌਤੀ ਭੂਮੀ : ਇਸ ਭੂਮੀ ਵਿੱਚ ਇਕ ਜਾਂ ਦੋ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।
   - (ੲ) ਛੱਛਰ ਭੂਮੀ : ਇਸ ਭੂਮੀ ਵਿੱਚ ਤਿੰਨ ਜਾਂ ਚਾਰ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।
   - (ਸ) ਬੰਜਰ ਭੂਮੀ : ਇਸ ਭੂਮੀ ਵਿੱਚ ਪੰਜ ਜਾਂ ਛੇ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।

## ਭੂਮੀ ਲਗਾਨ

ਪੋਲਜ਼ ਅਤੇ ਪਰੌਤੀ ਕਿਸਮ ਦੀ ਭੂਮੀ ਤੋਂ ਸਰਕਾਰ ਉਪਜ ਦਾ 1/3 ਹਿੱਸਾ ਲਗਾਨ ਦੇ ਰੂਪ ਵਿੱਚ ਲੈਂਦੀ ਸੀ। ਛੱਛਰ ਅਤੇ ਬੰਜਰ ਭੂਮੀ ਤੋਂ ਬਹੁਤ ਘੱਟ ਹਿੱਸਾ ਲਗਾਨ ਦੇ ਰੂਪ ਵਿੱਚ ਲਿਆ ਜਾਂਦਾ ਸੀ।

(ੳ) **ਕਨਕੂਤ ਪ੍ਰਣਾਲੀ :** ਕਨਕੂਤ ਪ੍ਰਣਾਲੀ ਅਨੁਸਾਰ ਸਰਕਾਰ ਸਾਰੀ ਖੜੀ ਫਸਲ ਦਾ ਅੰਦਾਜ਼ਾ ਲਗਾ ਕੇ ਲਗਾਨ ਨਿਯਤ ਕਰ ਦਿੰਦੀ ਸੀ।

(ਅ) **ਬਟਾਈ ਪ੍ਰਣਾਲੀ :** ਇਸ ਪ੍ਰਣਾਲੀ ਅਨੁਸਾਰ ਜਦੋਂ ਫ਼ਸਲ ਕੱਟ ਲਈ ਜਾਂਦੀ ਸੀ ਤਾਂ ਉਸ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਜਾਂਦਾ ਸੀ। ਇਕ ਹਿੱਸਾ ਸਰਕਾਰ ਲਗਾਨ ਦੇ ਰੂਪ ਵਿੱਚ ਲੈ ਲੈਂਦੀ ਸੀ ਅਤੇ ਬਾਕੀ ਦੋ ਹਿੱਸੇ ਕਿਸਾਨਾਂ ਕੋਲ ਰਹਿ ਜਾਂਦੇ ਸਨ।

(ੲ) **ਨਸਕ ਪ੍ਰਣਾਲੀ :** ਇਸ ਪ੍ਰਣਾਲੀ ਅਨੁਸਾਰ ਸਾਰੇ ਪਿੰਡ ਦੀ ਫ਼ਸਲ ਦਾ ਇਕੱਠਾ ਅੰਦਾਜ਼ਾ ਲਗਾ ਕੇ ਲਗਾਨ ਨਿਯਤ ਕਰ ਦਿੱਤਾ ਜਾਂਦਾ ਸੀ।

ਮੁਗ਼ਲ ਸਰਕਾਰ ਨੇ ਵੱਧ ਤੋਂ ਵੱਧ ਧਰਤੀ ਨੂੰ ਖੇਤੀਯੋਗ ਬਣਾਉਣ ਲਈ ਕਿਸਾਨਾਂ ਨੂੰ ਕਰਜ਼ੇ ਦਿੱਤੇ। ਕਾਲ ਪੈ ਜਾਣ ਜਾਂ ਘੱਟ ਉਪਜ ਹੋਣ ਦੀ ਸੂਰਤ ਵਿੱਚ ਲਗਾਨ ਮਾਫ਼ ਕੀਤਾ ਜਾਂਦਾ ਸੀ।

### ਮਨਸਬਦਾਰੀ ਪ੍ਰਣਾਲੀ

*ਜਿਉਂ ਹੀ ਮੁਗ਼ਲ ਸਾਮਰਾਜ ਦਾ ਵਿਸਥਾਰ ਹੋਣ ਲੱਗਾ ਤਾਂ ਮੁਗ਼ਲ ਸ਼ਾਸਕਾਂ ਨੇ ਵੱਖ-ਵੱਖ ਸਮੂਹਾਂ ਦੇ ਮੈਂਬਰਾਂ ਨੂੰ ਪ੍ਰਸ਼ਾਸਨ ਵਿਚ ਨਿਯੁਕਤ ਕਰਨਾ ਸ਼ੁਰੂ ਕੀਤਾ, ਜਿਨ੍ਹਾਂ ਨੂੰ ਮਨਸਬਦਾਰ ਕਿਹਾ ਜਾਂਦਾ ਹੈ।*

1. ਮਨਸਬਦਾਰੀ ਪ੍ਰਣਾਲੀ ਅਨੁਸਾਰ ਮੁਗ਼ਲ ਕਰਮਚਾਰੀਆਂ ਦਾ ਅਹੁਦਾ, ਆਮਦਨ ਅਤੇ ਦਰਬਾਰ ਵਿੱਚ ਥਾਂ ਨਿਸ਼ਚਿਤ ਕੀਤੀ ਜਾਂਦੀ ਸੀ। ਮਨਸਬ ਸ਼ਬਦ ਦਾ ਅਰਥ ਅਹੁਦਾ ਜਾਂ ਪਦਵੀ ਸੀ। ਮਨਸਬਦਾਰ ਦੇਸ਼ ਦੇ ਸਿਵਲ ਅਤੇ ਸੈਨਿਕ ਵਿਭਾਗ ਨਾਲ਼ ਸੰਬੰਧ ਰਖਦੇ ਸਨ।
2. **ਮਨਸਬਦਾਰ ਦੀ ਨਿਯੁਕਤੀ, ਉੱਨਤੀ ਅਤੇ ਸੇਵਾ ਮੁਕਤੀ** : ਮੁਗ਼ਲ ਬਾਦਸ਼ਾਹ, ਮੀਰ ਬਖ਼ਸ਼ੀ ਦੀ ਸਿਫਾਰਸ਼ 'ਤੇ ਮਨਸਬਦਾਰਾਂ ਦੀ ਨਿਯੁਕਤੀ ਯੋਗਤਾ ਅਨੁਸਾਰ ਕਰਦਾ ਸੀ। ਮਨਸਬਦਾਰ ਹੇਠਲੇ ਅਹੁਦੇ 'ਤੇ ਭਰਤੀ ਹੋ ਕੇ ਉਪਰਲੇ ਅਹੁਦੇ ਤਕ ਤਰੱਕੀ ਲੈਂਦਾ ਸੀ। ਪਰੰਤੂ ਬਾਦਸ਼ਾਹ ਠੀਕ ਕੰਮ ਨਾ ਕਰਨ ਵਾਲੇ ਮਨਸਬਦਾਰ ਦਾ ਅਹੁਦਾ ਘਟਾ ਜਾਂ ਉਸ ਨੂੰ ਅਹੁਦੇ ਤੋਂ ਹਟਾ ਵੀ ਸਕਦਾ ਸੀ।
3. **ਮਨਸਬਦਾਰਾਂ ਦੀਆਂ ਸ਼੍ਰੇਣੀਆਂ** : ਅਕਬਰ ਬਾਦਸ਼ਾਹ ਦੇ ਰਾਜਕਾਲ ਦੌਰਾਨ ਮਨਸਬਦਾਰਾਂ ਦੀਆਂ 33 ਸ਼੍ਰੇਣੀਆਂ ਸਨ। ਸਭ ਤੋਂ ਛੋਟੇ ਮਨਸਬਦਾਰ ਦੇ ਅਧੀਨ 10 ਸਿਪਾਹੀ ਅਤੇ ਸਭ ਤੋਂ ਵੱਡੇ ਮਨਸਬਦਾਰ ਦੇ ਅਧੀਨ 10,000 ਸਿਪਾਹੀ ਹੁੰਦੇ ਸਨ।

#### *ਜਾਤ ਅਤੇ ਸਵਾਰ ਮਨਸਬਦਾਰਾਂ ਦੀਆਂ ਸ਼੍ਰੇਣੀਆਂ*

1. *ਜੇਕਰ ਕਿਸੇ ਮਨਸਬਦਾਰ ਦਾ ਜਾਤ-ਪਦ ਅਤੇ ਸਵਾਰ-ਪਦ ਇਕ ਬਰਾਬਰ ਹੁੰਦਾ ਸੀ ਤਾਂ ਉਹ ਪਹਿਲੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਅਤੇ 5000 ਸਵਾਰ।*
2. *ਜੇਕਰ ਉਸ ਦਾ ਸਵਾਰ-ਪਦ ਜਾਤ-ਪਦ ਤੋਂ ਅੱਧਾ ਜਾਂ ਅੱਧੇ ਤੋਂ ਕੁੱਝ ਵੱਧ ਹੁੰਦਾ ਤਾਂ ਉਹ ਦੂਸਰੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਦੇ 3000 ਸਵਾਰ।*
3. *ਜੇਕਰ ਉਸ ਦਾ ਸਵਾਰ-ਪਦ ਜਾਤ-ਪਦ ਦੇ ਅੱਧ ਤੋਂ ਘੱਟ ਹੁੰਦਾ ਤਾਂ ਉਹ ਤੀਸਰੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਅਤੇ 2000 ਸਵਾਰ।*

4. **ਮਨਸਬਦਾਰਾਂ ਦੇ ਕਰਤੱਵ** : ਬਾਦਸ਼ਾਹ ਮਨਸਬਦਾਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਕੰਮ 'ਤੇ ਲਗਾ ਸਕਦਾ ਸੀ। ਉਹਨਾਂ ਨੂੰ ਸ਼ਾਸਨ ਪ੍ਰਬੰਧ ਦੇ ਕਿਸੇ ਵੀ ਵਿਭਾਗ ਵਿੱਚ ਜਾਂ ਦਰਬਾਰ ਵਿੱਚ ਹਾਜ਼ਰ ਰਹਿਣ ਲਈ ਕਿਹਾ ਜਾ ਸਕਦਾ ਸੀ।
5. **ਤਨਖਾਹ** : ਮਨਸਬਦਾਰਾਂ ਨੂੰ ਤਨਖਾਹ ਉਹਨਾਂ ਦੀ ਸ਼੍ਰੇਣੀ ਦੇ ਅਹੁਦੇ ਅਨੁਸਾਰ ਦਿੱਤੀ ਜਾਂਦੀ ਸੀ। ਤਨਖ਼ਾਹ ਵਿੱਚ ਵਾਧਾ ਜਾਂ ਕਟੌਤੀ ਵੀ ਕੀਤੀ ਜਾਂਦੀ ਸੀ।

## ਜਹਾਂਗੀਰ (1605-1627 ਈ:)

1605 ਈ: ਵਿੱਚ ਅਕਬਰ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਜਹਾਂਗੀਰ ਮੁਗ਼ਲ ਰਾਜਗੱਦੀ ਉਤੇ ਬੈਠਾ। ਉਸ ਨੇ 1605 ਤੋਂ 1627 ਈ: ਤਕ ਰਾਜ ਕੀਤਾ।

**ਜਹਾਂਗੀਰ ਦੀਆਂ ਜਿੱਤਾਂ :** ਜਹਾਂਗੀਰ ਨੇ ਮੁਗ਼ਲ ਸਾਮਰਾਜ ਨੂੰ ਮਜ਼ਬੂਤ ਕਰਨ ਲਈ ਸਭ ਤੋਂ ਪਹਿਲਾਂ ਆਪਣੇ ਪੁੱਤਰ ਖ਼ੁਸਰੋ ਦੇ ਵਿਦਰੋਹ ਦਾ ਦਮਨ ਕੀਤਾ। ਉਸ ਤੋਂ ਪਿੱਛੋਂ ਉਸ ਨੇ ਬੰਗਾਲ ਅਤੇ ਅਵਧ ਨੂੰ ਮੁਗ਼ਲਾਂ ਦੇ ਕਬਜ਼ੇ ਵਿੱਚ ਕੀਤਾ। 1613 ਈ: ਵਿੱਚ ਉਸ ਨੇ ਮੇਵਾੜ ਦੇ ਸ਼ਾਸਕ ਰਾਣਾ ਅਮਰ ਸਿੰਘ ਨੂੰ ਹਰਾਇਆ। ਪਰੰਤੂ ਉਸ ਨੇ ਰਾਣਾ ਅਮਰ ਸਿੰਘ ਨੂੰ ਉਸ ਦੇ ਇਲਾਕਿਆਂ 'ਤੇ ਰਾਜ ਕਰਨ ਦਾ ਅਧਿਕਾਰ ਇਸ ਸ਼ਰਤ 'ਤੇ ਦਿੱਤਾ ਕਿ ਉਹ ਮੁਗ਼ਲ ਬਾਦਸ਼ਾਹ ਪ੍ਰਤੀ ਵਫ਼ਾਦਾਰ ਰਹੇਗਾ। 1620 ਈ: ਵਿੱਚ ਜਹਾਂਗੀਰ ਨੇ ਕਾਂਗੜੇ ਉਤੇ ਵੀ ਜਿੱਤ ਪ੍ਰਾਪਤ ਕਰ ਲਈ ਸੀ।



*ਚਿੱਤਰ 11.6* ਜਹਾਂਗੀਰ

ਜਹਾਂਗੀਰ ਨੇ ਦੱਖਣ ਵਿੱਚ ਵੀ ਮੁਗ਼ਲਾਂ ਦੇ ਪ੍ਰਭਾਵ ਦਾ ਵਿਸਥਾਰ ਕਰਨ ਲਈ ਅਹਿਮਦਨਗਰ ਦੇ ਕਿਲ੍ਹੇ ਨੂੰ ਜਿੱਤ ਲਿਆ। ਪਰੰਤੂ ਅਹਿਮਦਨਗਰ ਦੇ ਸੈਨਾਪਤੀ **ਮਲਿਕ ਐਂਬਰ** ਨੇ ਦੱਖਣ ਦੇ ਇਲਾਕੇ ਜਿੱਤਣ ਲਈ ਮੁਗ਼ਲਾਂ ਦਾ ਵਿਰੋਧ ਕੀਤਾ। ਇਰਾਨੀਆਂ ਨੇ ਅਫ਼ਗਾਨਿਸਤਾਨ ਵਿੱਚ ਕੰਧਾਰ ਦਾ ਇਲਾਕਾ ਜਹਾਂਗੀਰ ਪਾਸੋਂ ਖੋਹ ਲਿਆ।

### ਜਹਾਂਗੀਰ ਦੇ ਦਰਬਾਰ ਤੇ ਨੂਰਜਹਾਂ ਦਾ ਪ੍ਰਭਾਵ

1611 ਈ: ਵਿੱਚ ਜਹਾਂਗੀਰ ਨੇ ਨੂਰਜਹਾਂ ਨਾਲ਼ ਸ਼ਾਦੀ ਕਰਵਾਈ। ਉਹ ਬਹੁਤ ਸੁੰਦਰ ਅਤੇ ਬੁੱਧੀਮਾਨ ਇਸਤਰੀ ਸੀ। ਉਹ ਬਹੁਤ ਅਭਿਲਾਸ਼ੀ ਅਤੇ ਰਾਜ ਦੇ ਸ਼ਾਸਨ ਪ੍ਰਬੰਧ ਵਿੱਚ ਦਿਲਚਸਪੀ ਰੱਖਦੀ ਸੀ। ਜਹਾਂਗੀਰ ਮਹੱਤਵਪੂਰਨ ਰਾਜਸੀ ਮਾਮਲਿਆਂ ਵਿੱਚ ਉਸ ਦੀ ਸਲਾਹ ਲੈਂਦਾ ਸੀ। ਇਕ ਵਾਰ ਜਹਾਂਗੀਰ ਲੰਬਾ ਸਮਾਂ ਬਿਮਾਰ ਹੋ ਗਿਆ ਤਾਂ ਨੂਰਜਹਾਂ ਨੇ ਸਾਮਰਾਜ ਦੇ ਸ਼ਾਸਨ ਪ੍ਰਬੰਧ ਨੂੰ ਚਲਾਇਆ। ਉਸ ਦੇ ਨਾਂ 'ਤੇ ਸ਼ਾਹੀ ਫਰਮਾਨ ਜਾਰੀ ਕੀਤੇ ਗਏ। ਇੱਥੋ ਤੱਕ ਕਿ ਜਹਾਂਗੀਰ ਅਤੇ ਨੂਰਜਹਾਂ ਦੇ ਨਾਂ ਦੇ ਸਾਂਝੇ ਸਿੱਕੇ ਵੀ ਜਾਰੀ ਕੀਤੇ।



*ਚਿੱਤਰ 11.7* ਨੂਰਜਹਾਂ

## ਸ਼ਾਹਜਹਾਂ (1628-1657 ਈ:)

ਸ਼ਾਹਜਹਾਂ ਆਪਣੇ ਪਿਤਾ ਜਹਾਂਗੀਰ ਦੀ ਮੌਤ ਤੋਂ ਪਿੱਛੋਂ 1628 ਈ: ਵਿੱਚ ਰਾਜਗੱਦੀ ਉਤੇ ਬੈਠਾ। ਉਸ ਨੂੰ ਬੁੰਦੇਲਖੰਡ ਅਤੇ ਦੱਖਣ ਵਿੱਚ ਬਹੁਤ ਸਾਰੇ ਵਿਦਰੋਹਾਂ ਦਾ ਟਾਕਰਾ ਕਰਨਾ ਪਿਆ। 1628 ਈ: ਵਿੱਚ ਬੁੰਦੇਲਖੰਡ ਦੇ ਸ਼ਾਸਕ ਰਾਜਾ **ਜੁਝਾਰ ਸਿੰਘ** ਨੇ ਸ਼ਾਹਜਹਾਂ ਵਿਰੁੱਧ ਵਿਦਰੋਹ ਕਰ ਦਿੱਤਾ। ਪਰੰਤੂ ਉਹ ਹਾਰ ਗਿਆ। ਉਸ ਨੇ 1635 ਈ: ਵਿੱਚ ਦੁਬਾਰਾ ਵਿਦਰੋਹ ਕਰ ਦਿੱਤਾ ਅਤੇ ਮੁਗ਼ਲਾਂ ਦੁਆਰਾ ਮਾਰਿਆ ਗਿਆ।



*ਚਿੱਤਰ 11.8* ਸ਼ਾਹਜਹਾਂ

1633 ਈ: ਵਿੱਚ ਸ਼ਾਹਜਹਾਂ ਨੇ ਦੱਖਣ ਵਿੱਚ ਅਹਿਮਦਨਗਰ ਉਤੇ ਹਮਲਾ ਕਰਕੇ ਉਸ ਨੂੰ ਮੁਗ਼ਲ ਸਾਮਰਾਜ ਵਿੱਚ ਮਿਲਾ ਲਿਆ। ਬੀਜ਼ਾਪੁਰ ਅਤੇ ਗੋਲਕੁੰਡਾ ਸੁਤੰਤਰ ਰਾਜਾਂ ਨੇ ਵੀ ਮੁਗ਼ਲਾਂ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਸ਼ਾਂਤੀ ਸੰਧੀ 'ਤੇ ਦਸਤਖਤ ਕਰ ਦਿੱਤੇ।

1657 ਈ: ਵਿੱਚ ਸ਼ਾਹਜਹਾਂ ਬਿਮਾਰ ਪੈ ਗਿਆ ਅਤੇ ਉਸ ਦੇ ਪੁੱਤਰਾਂ ਵਿੱਚ ਰਾਜਗੱਦੀ ਲਈ ਸੰਘਰਸ਼ ਸ਼ੁਰੂ ਹੋ ਗਿਆ। ਔਰੰਗਜ਼ੇਬ ਨੇ ਸ਼ਾਹਜਹਾਂ ਨੂੰ ਆਗਰੇ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਅਤੇ ਆਪ ਬਾਦਸ਼ਾਹ ਬਣ ਗਿਆ।

## ਔਰੰਗਜ਼ੇਬ (1658-1707 ਈ:)

ਔਰੰਗਜ਼ੇਬ ਮੁਗ਼ਲ ਸਾਮਰਾਜ ਦਾ ਆਖਰੀ ਪ੍ਰਸਿੱਧ ਸ਼ਾਸਕ ਸੀ। ਉਸ ਨੇ 1658–1707 ਈ: ਤੱਕ ਸ਼ਾਸਨ ਕੀਤਾ। ਉਸ ਦੇ ਸਾਮਰਾਜ ਵਿੱਚ ਲਗਪਗ ਸਾਰਾ ਭਾਰਤ ਸ਼ਾਮਲ ਸੀ। ਪਰੰਤੂ ਉਸ ਦਾ ਰਾਜਕਾਲ ਮੁਸੀਬਤਾਂ ਨਾਲ਼ ਭਰਿਆ ਹੋਇਆ ਸੀ। 1669 ਈ:ਵਿੱਚ ਮਥੁਰਾ, ਆਗਰਾ ਦੇ ਜਾਟਾਂ ਨੇ ਔਰੰਗਜ਼ੇਬ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਉਸ ਨੇ ਵਿਦਰੋਹ ਨੂੰ ਤਾਂ ਕੁਚਲ ਦਿੱਤਾ ਪਰੰਤੂ ਜਾਟਾਂ ਨੇ ਮੁਗ਼ਲਾਂ ਵਿਰੁੱਧ ਲੜਾਈ ਜਾਰੀ ਰੱਖੀ। ਨਰਨੌਲ ਅਤੇ ਮੇਵਾੜ ਵਿੱਚ ਸਤਨਾਮੀਏ ਹਿੰਦੂ ਸਾਧੂਆਂ ਦੀ ਇਕ ਸੰਪ੍ਰਦਾਇ ਸੀ, ਉਹਨਾਂ ਦੀ ਹੱਤਿਆਂ ਨੇ ਸਤਨਾਮੀਆਂ ਨੂੰ ਮੁਗ਼ਲਾਂ ਵਿਰੁੱਧ ਵਿਦਰੋਹ ਕਰਨ ਲਈ ਮਜ਼ਬੂਰ ਕਰ ਦਿੱਤਾ। ਪਰੰਤੂ ਮੁਗ਼ਲਾਂ ਨੇ



*ਚਿੱਤਰ 11.9* ਔਰੰਗਜ਼ੇਬ

ਵਿਦਰੋਹ ਨੂੰ ਕੁਚਲ ਦਿੱਤਾ। ਔਰੰਗਜ਼ੇਬ ਦੀ ਕਠੋਰ ਭੂਮੀ ਸੁਧਾਰ ਨੀਤੀ ਕਾਰਣ ਬੁਦੇਲਾਂ ਨੇ ਬੁੰਦੇਲਖੰਡ ਵਿੱਚ ਵਿਦਰੋਹ ਕਰ ਦਿੱਤਾ। ਔਰੰਗਜ਼ੇਬ ਨੇ ਇਸ ਵਿਦਰੋਹ ਨੂੰ ਵੀ ਕੁਚਲ ਦਿੱਤਾ।

*ਕੀ ਤੁਸੀਂ ਇਸ ਦਾ ਕਾਰਣ ਸਮਝਦੇ ਹੋ ਕਿ ਸਤਨਾਮੀਆਂ ਨੇ ਮੁਗਲਾਂ ਵਿਰੁੱਧ ਵਿਦਰੋਹ ਕਿਉਂ ਕੀਤਾ ਸੀ?*

ਔਰੰਗਜ਼ੇਬ ਦੇ ਵਿਰੁੱਧ ਰਾਜਪੂਤ, ਮਰਾਠਿਆਂ ਅਤੇ ਸਿੱਖਾਂ ਨੇ ਸ਼ਕਤੀਸ਼ਾਲੀ ਵਿਦਰੋਹ ਕਰ ਦਿੱਤੇ, ਜਿਨ੍ਹਾਂ ਨੂੰ ਕੁਚਲਣ ਲਈ ਬਹੁਤ ਸਮਾਂ ਲੱਗਾ।

## ਔਰੰਗਜ਼ੇਬ ਅਤੇ ਮਰਾਠੇ


ਸ਼ਿਵਾਜੀ ਦੀ ਅਗਵਾਈ ਹੇਠ ਮਰਾਠੇ ਮਹਾਰਾਸ਼ਟਰ ਦੀ ਮਹਾਨ ਸ਼ਕਤੀ ਬਣ ਗਏ ਸਨ। ਪਰੰਤੂ ਉਹ ਸਫ਼ਲ ਨਾ ਹੋਇਆ। 1674 ਈ: ਵਿੱਚ ਸ਼ਿਵਾਜੀ ਨੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਘੋਸ਼ਿਤ ਕਰ ਦਿੱਤਾ। 1680 ਈ: ਵਿੱਚ ਸ਼ਿਵਾਜੀ ਦੀ ਮੌਤ ਤੋਂ ਬਾਅਦ ਸ਼ੰਭਾਜੀ ਰਾਜਗੱਦੀ ਉਤੇ ਬੈਠਾ। ਉਸ ਸਮੇਂ ਮਰਾਠਿਆਂ ਅਤੇ ਮੁਗ਼ਲਾਂ ਵਿੱਚਕਾਰ ਸੰਘਰਸ਼ ਚਲ ਹੀ ਰਿਹਾ ਸੀ। 1686 ਈ. ਵਿਚ ਔਰੰਗਜ਼ੇਬ ਨੇ ਬੀਜਾਪੁਰ ਅਤੇ 1687 ਈ. ਵਿਚ ਗੋਲਕੁੰਡਾ ਤੇ ਅਧਿਕਾਰ ਕਰ ਲਿਆ। 1689 ਈ: ਵਿੱਚ ਔਰੰਗਜ਼ੇਬ ਨੇ ਸ਼ੰਭਾਜੀ ਦੀ ਹੱਤਿਆ ਕਰ ਦਿੱਤੀ ਅਤੇ ਮਰਾਠਿਆਂ ਦੇ ਇਲਾਕਿਆਂ ਉਤੇ ਕਬਜ਼ਾ ਕਰ ਲਿਆ। ਪਰ ਮਰਾਠਿਆਂ ਨੇ ਪਹਿਲਾਂ ਰਾਜਾ ਰਾਮ ਅਤੇ ਬਾਅਦ ਵਿੱਚ ਉਸ ਦੀ ਰਾਣੀ ਤਾਰਾ ਬਾਈ ਦੀ ਅਗਵਾਈ ਹੇਠ ਸੰਘਰਸ਼ ਜਾਰੀ ਰੱਖਿਆ। ਔਰੰਗਜ਼ੇਬ ਦੀ 1707 ਈ: ਵਿੱਚ ਮੌਤ ਹੋ ਜਾਣ ਤੋਂ ਪਿੱਛੋਂ ਮਰਾਠਿਆਂ ਨੇ ਮੁਗ਼ਲਾਂ ਦੇ ਬਹੁਤ ਸਾਰੇ ਇਲਾਕਿਆਂ ਉਤੇ ਮੁੜ ਕਬਜ਼ਾ ਕਰ ਲਿਆ।

## ਔਰੰਗਜ਼ੇਬ ਅਤੇ ਸਿੱਖ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਬਣੇ। ਉਨ੍ਹਾਂ ਨੇ ਔਰੰਗਜ਼ੇਬ ਦੀ ਹਿੰਦੂਆਂ ਵਿਰੁੱਧ ਧਾਰਮਿਕ ਨੀਤੀ ਦਾ ਵਿਰੋਧ ਕੀਤਾ। ਗੁਰੂ ਜੀ ਹਿੰਦੂਆਂ ਦੇ ਧਰਮ ਦੀ ਆਜ਼ਾਦੀ ਅਤੇ ਰੱਖਿਆ ਲਈ ਔਰੰਗਜ਼ੇਬ ਦੇ ਕੋਲ ਆਏ। ਔਰੰਗਜ਼ੇਬ ਨੇ ਗੁਰੂ ਜੀ ਨੂੰ ਮੁਸਲਮਾਨ ਬਣ ਜਾਣ ਲਈ ਕਿਹਾ। ਗੁਰੂ ਜੀ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਕਰਕੇ ਗੁਰੂ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ ਅਤੇ 11 ਨਵੰਬਰ, 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕਰ ਦਿੱਤਾ ਗਿਆ।

*ਤੁਹਾਡੇ ਵਿਚਾਰ ਅਨੁਸਾਰ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਿਉਂ ਕਰ ਦਿੱਤਾ ਸੀ?*

ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ। ਉਨ੍ਹਾਂ ਨੇ ਬੁਜ਼ਦਿਲ ਅਤੇ ਡਰਪੋਕ ਹੋ ਚੁੱਕੀ ਮਾਨਵਤਾ ਵਿਚ ਸੂਰਬੀਰਤਾ ਦਾ ਜਜ਼ਬਾ ਪੈਦਾ ਕਰਨ ਲਈ 1699 ਈ: ਵਿਚ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਚਮਕੌਰ ਦੀ ਲੜਾਈ ਹੋਈ। ਇਸ ਲੜਾਈ ਵਿਚ ਗੁਰੂ ਜੀ ਦੇ ਦੋ ਪੁੱਤਰ ਸਾਹਿਬਜ਼ਾਦਾ




*ਚਿੱਤਰ 11.10 ਔਰੰਗਜ਼ੇਬ ਦੇ ਸਮੇਂ ਭਾਰਤ*

ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਨੂੰ ਜੀਉਂਦੇ ਹੀ ਸਰਹਿੰਦ ਵਿਖੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

1707 ਈ: ਵਿੱਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਉਤਰਾਧਿਕਾਰੀ ਬਹਾਦਰ ਸ਼ਾਹ ਨੇ ਸਿੱਖਾਂ ਨਾਲ਼ ਮਿੱਤਰਤਾਪੂਰਨ ਸੰਬੰਧ ਸਥਾਪਿਤ ਕੀਤੇ। ਸਰਹਿੰਦ ਦੇ ਫੌਜ਼ਦਾਰ ਵਜੀਰ ਖਾਂ ਦੇ ਕਹਿਣ ਤੇ ਪਠਾਣ ਨੇ ਗੁਰੂ ਜੀ ਦੇ ਛੁਰਾ ਖੋਭ ਦਿੱਤਾ ਜਿਸ ਕਰਕੇ 1708 ਈ: ਵਿੱਚ ਗੁਰੂ ਜੀ ਜੋਤੀ-ਜੋਤ ਸਮਾ ਗਏ। ਬਾਅਦ ਵਿੱਚ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਵਿਰੁੱਧ ਸੰਘਰਸ਼ ਜਾਰੀ ਰੱਖਿਆ।

## ਔਰੰਗਜ਼ੇਬ ਦੇ ਉੱਤਰਾਧਿਕਾਰੀ

ਔਰੰਗਜ਼ੇਬ ਦੇ ਉੱਤਰਾਧਿਕਾਰੀ ਸ਼ਾਸਨ ਪ੍ਰਬੰਧ ਚਲਾਉਣ ਲਈ ਅਯੋਗ ਅਤੇ ਕਮਜ਼ੋਰ ਸਨ। ਨਤੀਜੇ ਵਜੋਂ 1739 ਈ:ਵਿੱਚ ਈਰਾਨ ਦੇ ਸ਼ਾਸਕ ਨਾਦਰਸ਼ਾਹ ਨੇ ਭਾਰਤ ਉਤੇ ਹਮਲਾ ਕਰ ਦਿੱਤਾ। ਇਹ ਹਮਲਾ ਮੁਗ਼ਲਾਂ ਲਈ ਬਹੁਤ ਖਤਰਨਾਕ ਸਿੱਧ ਹੋਇਆ।

### ਯਾਦ ਰੱਖਣ ਯੋਗ ਨੁਕਤੇ

1. ਬਾਬਰ ਮੁਗ਼ਲ ਸਾਮਰਾਜ ਦਾ ਪਹਿਲਾ ਸ਼ਾਸਕ ਸੀ।
2. ਹੁਮਾਯੂੰ ਬਾਬਰ ਦਾ ਪੁੱਤਰ ਸੀ।
3. 1556 ਈ. ਵਿੱਚ ਬੈਰਮ ਖਾਂ ਨੇ ਅਕਬਰ ਨੂੰ ਕਲਾਨੌਰ (ਗੁਰਦਾਸਪੁਰ) ਵਿਖੇ ਮੁਗ਼ਲ ਰਾਜਗੱਦੀ ਉਤੇ ਬੈਠਾਇਆ।
4. ਸ਼ਾਹਜਹਾਂ ਨੇ 1628-1657 ਈ. ਤੱਕ ਰਾਜ ਕੀਤਾ।
5. 1689 ਈ. ਵਿੱਚ ਔਰੰਗਜ਼ੇਬ ਤੇ ਸ਼ੰਭਾਜੀ ਦੀ ਹੱਤਿਆ ਕਰਕੇ ਮਰਾਠਿਆਂ ਦੇ ਇਲਾਕਿਆ ਉੱਤੇ ਕਬਜਾ ਕਰ ਲਿਆ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਕਿਉਂ ਸੱਦਾ ਭੇਜਿਆ ਸੀ ?
2. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ ?

3. ਅਕਬਰ ਦੀਆਂ ਜਿੱਤਾਂ ਬਾਰੇ ਲਿਖੋ।

4. ਮੁਗ਼ਲਾਂ ਦੀ ਭੂਮੀ-ਲਗਾਨ ਪ੍ਰਣਾਲੀ ਤੋਂ ਕੀ ਭਾਵ ਹੈ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :**

1. ਤੁਜ਼ਕ-ਏ-ਬਾਬਰੀ ............... ਦੀ ਆਤਮ ਜੀਵਨੀ ਹੈ।
2. ਕਨਵਾਹ ਦੀ ਲੜਾਈ ਬਾਬਰ ਅਤੇ ............... ਵਿਚਕਾਰ ਲੜੀ ਗਈ ਸੀ।
3. ਅਕਬਰ ਨੇ ਹੇਮੂੰ ਨੂੰ ............... ਵਿੱਚ ਹਰਾਇਆ ਸੀ।
4. ਬਾਬਰ ਨੇ ............... ਲਿਖਿਆ।
5. ਅਬੁਲ ਫਜ਼ਲ ਨੇ ............... ਲਿਖਿਆ।

**(ੲ) ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਉ।**

1. ਮੁਗ਼ਲ ਭਾਰਤ ਵਿੱਚ 1525 ਈ: ਵਿੱਚ ਆਏ। ☐
2. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਸੱਦਾ ਭੇਜਿਆ। ☐
3. ਸ਼ੇਰ ਸ਼ਾਹ ਸੂਰੀ ਮੁਗ਼ਲ ਸਾਸ਼ਕ ਸੀ। ☐
4. ਔਰੰਗਜ਼ੇਬ ਦੇ ਰਾਜਕਾਲ ਸਮੇਂ ਰਾਜਪੂਤਾਂ ਨਾਲ਼ ਬਹੁਤ ਚੰਗਾ ਸਲੂਕ ਕੀਤਾ ਗਿਆ। ☐
5. ਔਰੰਗਜ਼ੇਬ ਦੀ ਦੱਖਣ ਨੀਤੀ ਨੇ ਮੁਗ਼ਲ ਸਾਮਰਾਜ ਨੂੰ ਮਜ਼ਬੂਤ ਬਣਾਇਆ। ☐

**ਗਤੀਵਿਧੀ**

1. ਭਾਰਤ ਦੇ ਨਕਸ਼ੇ ਵਿੱਚ ਮੁਗ਼ਲ ਸਾਮਰਾਜ ਦੇ ਪ੍ਰਸਿੱਧ ਸਥਾਨ ਦਰਸਾਉ।
2. ਮੁਗ਼ਲ ਬਾਦਸ਼ਾਹਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਕਾਪੀ ਵਿਚ ਚਿਪਕਾਉ।

ਪਾਠ 12

# ਸਮਾਰਕ ਨਿਰਮਾਣ ਕਲਾ

ਅਸੀਂ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਕਈ ਤਰ੍ਹਾਂ ਦੀ ਸਮਾਰਕ ਨਿਰਮਾਣ ਕਲਾ ਵੇਖੀ ਹੈ ਜਿਵੇਂ ਕਿ ਮੰਦਰ, ਗੁਰਦੁਆਰੇ, ਕਿਲ੍ਹੇ, ਮਹਿਲ, ਹਵੇਲੀਆਂ ਅਤੇ ਬਾਗ ਆਦਿ। ਇਹ ਸਾਰੇ ਕਈ ਤਰ੍ਹਾਂ ਦੀ ਸਮੱਗਰੀ ਅਤੇ ਵੱਖ-ਵੱਖ ਢੰਗ ਨਾਲ਼ ਬਣੇ ਹੋਏ ਹਨ। ਇੱਥੋਂ ਤੱਕ ਕਿ ਇਹਨਾਂ ਨੂੰ ਉਸਾਰਨ ਜਾਂ ਬਣਾਉਣ ਲਈ ਅਲੱਗ-ਅਲੱਗ ਤਰ੍ਹਾਂ ਦੀ ਇੰਜਨੀਅਰਿੰਗ, ਉਸਾਰੀ ਨਿੰਪੁਨਤਾਵਾਂ, ਕਲਾ, ਸੰਗਠਨ ਅਤੇ ਸਾਧਨਾਂ ਦੀ ਵਰਤੋਂ ਕੀਤੀ ਗਈ ਹੈ।

ਹੁਣ ਅਸੀਂ ਇਸ ਅਧਿਆਇ ਵਿੱਚ 800 ਤੋਂ 1200 ਈ: ਤਕ, ਫਿਰ 1206 ਤੋਂ 1526 ਈ: ਤਕ ਅਤੇ 1526 ਈ: ਤੋਂ 1707 ਈ: ਤਕ ਬਣਾਈਆਂ ਗਈਆਂ ਇਮਾਰਤਾਂ ਬਾਰੇ ਪੜ੍ਹਾਂਗੇ।

## ਉੱਤਰੀ ਭਾਰਤ ਵਿੱਚ ਸਮਾਰਕ ਨਿਰਮਾਣ ਕਲਾ (800 ਈ: ਤੋਂ 1200 ਈ: ਤਕ)

800 ਈ: ਤੋਂ 1200 ਈ: ਤਕ ਉੱਤਰੀ ਭਾਰਤ ਵਿੱਚ ਬਹੁਤ ਸਾਰੇ ਮੰਦਰਾਂ ਦਾ ਨਿਰਮਾਣ ਕੀਤਾ ਗਿਆ। ਜਿਵੇਂ ਕਿ ਜਗਨਨਾਥ ਪੁਰੀ ਵਿੱਚ ਵਿਸ਼ਨੂੰ ਦਾ ਮੰਦਰ, ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ, ਕੋਨਾਰਕ ਵਿੱਚ ਸੂਰਜ ਮੰਦਰ ਅਤੇ ਮਾਊਂਟਆਬੂ ਵਿੱਚ ਤੇਜ਼ ਪਾਲ ਮੰਦਰ ਆਦਿ।



*ਚਿੱਤਰ 12.1 ਲਿੰਗਰਾਜ ਮੰਦਰ, ਭੁਵਨੇਸ਼ਵਰ*

ਮੰਦਰ ਨਿਰਮਾਣ ਕਲਾ ਦੇ ਢੰਗ ਨੂੰ **ਨਾਗਰਾ** ਸ਼ੈਲੀ ਕਿਹਾ ਜਾਂਦਾ ਸੀ। ਮੱਧ ਪ੍ਰਦੇਸ਼ ਵਿੱਚ ਖੁਜਰਾਹੋ ਦਾ ਮੰਦਰ, ਇਸ ਨਮੂਨੇ ਦੀ ਨਿਰਮਾਣ ਕਲਾ ਦੀ ਇਕ ਵਧੀਆ ਉਦਾਹਰਣ ਹੈ। ਇਹ ਮੰਦਰ ਚੰਦੇਲ ਸ਼ਾਸਕਾਂ ਦੁਆਰਾ ਬਣਾਏ ਗਏ ਸਨ। ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ, ਕੋਨਾਰਕ ਵਿੱਚ ਸੂਰਜ ਮੰਦਰ ਅਤੇ ਪੁਰੀ ਵਿਖੇ ਜਗਨਨਾਥ ਦਾ ਮੰਦਰ ਨਾਗਰਾ ਨਿਰਮਾਣ ਕਲਾ ਸ਼ੈਲੀ ਦੇ ਹੀ ਨਮੂਨੇ ਹਨ।

*ਤੁਹਾਡੇ ਵਿਚਾਰ ਅਨੁਸਾਰ ਨਾਗਰਾ ਸ਼ੈਲੀ ਕਿਸ ਨੂੰ ਕਿਹਾ ਜਾਂਦਾ ਹੈ?*



*ਚਿੱਤਰ 12.2 ਸੂਰਜ ਮੰਦਰ, ਕੋਨਾਰਕ*

ਗੁਜਰਾਤ ਦੇ ਸੋਲੰਕੀ ਵੰਸ਼ ਦੇ ਸ਼ਾਸਕਾਂ ਨੇ ਮਾਊਂਟਆਬੂ ਵਿਖੇ ਤੇਜਪਾਲ ਮੰਦਰ ਬਣਾਇਆ। ਉਥੇ ਹੋਰ ਵੀ ਬਹੁਤ ਸਾਰੇ ਮੰਦਰ ਹਨ, ਜਿਹੜੇ ਸੰਗਮਰਮਰ ਦੇ ਬਣੇ ਹੋਏ ਹਨ, ਜਿਹੜੇ ਕਿ ਸ਼ਾਨਦਾਰ ਅਤੇ ਉੱਤਮ ਕਾਰੀਗਰੀ ਨੂੰ ਦਰਸਾਉਂਦੇ ਹਨ। ਉਹਨਾਂ ਦੀਆਂ ਦੀਵਾਰਾਂ ਦੇ ਅੰਦਰਲੇ ਪਾਸੇ 'ਤੇ ਸੂਖ਼ਮ ਮੂਰਤੀਆਂ ਉਕਰੀਆਂ (ਬਣੀਆਂ) ਹੋਈਆਂ ਹਨ ਜਦ ਕਿ ਬਾਹਰਲੇ ਪਾਸੇ ਪੱਧਰੇ (ਪਲੇਨ) ਹਨ। ਕਰਨਾਟਕ ਵਿੱਚ ਸ਼ਰਵਰਣਬੇਲਗੋਲਾ ਵਿਖੇ ਗੋਮਤੇਸ਼ਵਰ ਦਾ ਬੁੱਤ ਸੰਸਾਰ ਦੀ ਸਭ ਤੋਂ ਵੱਡੀ ਮੂਰਤੀ ਹੈ।



*ਚਿੱਤਰ 12.3 ਗੋਮਤੇਸ਼ਵਰ ਦਾ ਬੁੱਤ, ਸ਼ਰਵਣਬੇਲਗੋਲਾ, ਕਰਨਾਟਕ*

## ਦੱਖਣੀ ਭਾਰਤ ਵਿੱਚ ਸਮਾਰਕ ਨਿਰਮਾਣ ਕਲਾ (800 ਈ: ਤੋਂ 1200 ਈ: ਤਕ)

ਇਸ ਸਮੇਂ (800 ਈ: ਤੋਂ 1200 ਈ: ਤਕ) ਦੇ ਪੱਲਵ, ਪਾਂਡਯ ਅਤੇ ਚੋਲ ਸ਼ਾਸਕ (ਰਾਜੇ) ਕਲਾ ਅਤੇ ਭਵਨ ਨਿਰਮਾਣ ਕਲਾ ਦੇ ਬਹੁਤ ਪ੍ਰੇਮੀ ਸਨ। ਇਸ ਸਮੇਂ ਦੌਰਾਨ ਦੱਖਣੀ ਭਾਰਤ ਵਿੱਚ ਚੋਲ ਸ਼ਾਸਕ ਰਾਜਰਾਜ ਨੇ **ਰਾਜਰਾਜੇਸ਼ਵਰ** ਮੰਦਰ ਬਣਾਇਆ। ਰਾਜਿੰਦਰ ਪਹਿਲੇ ਨੇ **ਗੰਗਈਕੋਂਡ ਚੋਲ ਪੁਰਮ** ਦਾ ਮੰਦਰ ਬਣਾਇਆ।

ਚੋਲ ਸ਼ਾਸਕ ਮਹਾਨ ਮੰਦਰ ਨਿਰਮਾਤਾ ਸਨ। ਉਹਨਾਂ ਦੇ **ਮੰਦਰ ਦਰਾਵਿੜ ਸ਼ੈਲੀ** ਨਿਰਮਾਣ ਕਲਾ ਦੇ ਅਨੁਸਾਰ ਬਣੇ ਹੋਏ ਹਨ।

ਇਹ ਰਾਜਰਾਜੇਸ਼ਵਰ ਮੰਦਰ ਭਗਵਾਨ ਸ਼ਿਵਜੀ ਨੂੰ ਸਮਰਪਿਤ **ਰਾਜਰਾਜ ਪਹਿਲੇ** ਦੁਆਰਾ ਬਣਾਇਆ ਗਿਆ ਸੀ। ਇਸ ਮੰਦਰ ਦੇ ਮੁੱਖ ਦਵਾਰ ਨੂੰ **ਗੋਪੁਰਮ** ਕਿਹਾ ਜਾਂਦਾ ਹੈ। ਇਸ ਦੀ ਉਚਾਈ ਲਗਪਗ 95 ਮੀਟਰ ਹੈ।

ਐਲੋਰਾ ਵਿਖੇ **ਕੈਲਾਸ਼ ਮੰਦਰ** ਰਾਸ਼ਟਰਕੂਟ ਸ਼ਾਸਕਾਂ ਦੀ ਭਵਨ ਨਿਰਮਾਣ ਕਲਾ ਦਾ ਇਕ ਪ੍ਰਸਿੱਧ ਨਮੂਨਾ ਹੈ। ਇਹ ਰਾਸ਼ਟਰਕੂਟ ਰਾਜਾ **ਕ੍ਰਿਸ਼ਨ ਪਹਿਲੇ** ਦੁਆਰਾ ਬਣਾਇਆ ਗਿਆ ਸੀ। ਇਸ ਮੰਦਰ ਦੀ ਉਸਾਰੀ ਚਟਾਨਾਂ ਨੂੰ ਕੱਟ ਕੇ ਕੀਤੀ ਗਈ ਹੈ। ਇਸ ਮੰਦਰ ਨੂੰ ਸੰਸਾਰ ਦੇ ਨਿਰਮਾਣ ਕਲਾ ਅਜੂਬਿਆਂ ਵਿੱਚੋਂ ਇੱਕ ਕਿਹਾ ਜਾਂਦਾ ਹੈ।



*ਚਿੱਤਰ 12.4 ਕੈਲਾਸ਼ ਮੰਦਰ, ਐਲੋਰਾ*

## ਦਿੱਲੀ ਸਲਤਨਤ ਅਧੀਨ ਸਮਾਰਕ ਨਿਰਮਾਣ ਕਲਾ (1206 ਈ: ਤੋਂ 1526 ਈ: ਤਕ)

ਦਿੱਲੀ ਸਲਤਨਤ ਕਾਲ ਦੌਰਾਨ ਭਵਨ ਨਿਰਮਾਣ ਕਲਾ ਦੇ ਖੇਤਰ ਵਿੱਚ ਸ਼ਾਨਦਾਰ ਵਿਕਾਸ ਹੋਇਆ। ਭਾਰਤ ਵਿੱਚ ਤੁਰਕਾਂ ਅਤੇ ਅਫਗਾਨਾਂ ਨੇ ਭਵਨ ਨਿਰਮਾਣ ਕਲਾ ਦੀਆਂ ਨਵੀਆਂ ਵਿਧੀਆਂ ਅਤੇ ਨਮੂਨੇ ਤਿਆਰ ਕੀਤੇ। ਇਹ ਜਦੋਂ ਉਸ ਸਮੇਂ ਦੇ ਭਾਰਤੀ ਭਵਨ ਨਿਰਮਾਣ ਕਲਾ ਦੇ ਨਮੂਨਿਆਂ ਨਾਲ਼ ਰਲ ਮਿਲ ਗਏ ਤਾਂ **ਭਾਰਤੀ-ਮੁਸਲਿਮ ਭਵਨ ਉਸਾਰੀ ਕਲਾ** ਨਾਂ ਦੀ ਇਕ ਨਵੀ ਸ਼ੈਲੀ ਦਾ ਜਨਮ ਹੋਇਆ।

ਇਸ ਸਮੇਂ (1206–1526 ਈ:ਤਕ) ਕਈ ਤਰ੍ਹਾਂ ਦੀਆਂ ਇਮਾਰਤਾਂ ਜਿਵੇਂ ਕਿ ਮਹਿਲ, ਕਿਲ੍ਹੇ, ਮਕਬਰੇ, ਮਸਜਿਦਾਂ ਆਦਿ ਬਣਾਈਆਂ ਗਈਆਂ। ਇਸ ਕਾਲ ਦੀ ਭਵਨ ਨਿਰਮਾਣ ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਗੁਬੰਦ, ਮਹਿਰਾਬ ਅਤੇ ਮੀਨਾਰ ਸਨ।

ਇਸ ਕਾਲ ਦੌਰਾਨ ਦਿੱਲੀ ਸੁਲਤਾਨਾਂ ਨੇ ਬਹੁਤ ਸਾਰੇ ਸਮਾਰਕ ਬਣਾਏ। ਕੁਤਬਦੀਨ ਐਬਕ ਨੇ ਦਿੱਲੀ ਵਿੱਚ **ਕੁਵੱਤ-ਅਲ-ਇਸਲਾਮ** ਨਾਂ ਦੀ ਇਕ ਮਸਜਿਦ ਬਣਾਈ। ਇਸ ਦੀਆਂ ਦੀਵਾਰਾਂ ਉੱਤੇ ਕੁਰਾਨ ਦੀਆਂ ਪਵਿੱਤਰ ਆਇਤਾਂ (ਦੋਹੇ) ਲਿਖੀਆਂ ਹੋਈਆਂ ਹਨ। ਉਸ ਨੇ ਅਜਮੇਰ ਵਿਖੇ **ਢਾਈ-ਦਿਨ-ਕਾ-ਝੌਂਪੜਾ** ਨਾਂ ਦੀ ਇੱਕ ਮਸਜਿਦ ਬਣਵਾਈ। ਕੁਤਬਦੀਨ ਐਬਕ ਨੇ ਦਿੱਲੀ ਦੇ ਨੇੜੇ ਮਹਿਰੌਲੀ ਵਿਖੇ **ਕੁਤਬਮੀਨਾਰ** ਦੀ ਉਸਾਰੀ ਸ਼ੁਰੂ ਕਰਵਾਈ ਸੀ। ਪਰੰਤੂ ਅਚਾਨਕ ਉਸ ਦੀ ਮੌਤ ਹੋ ਜਾਣ ਕਰਕੇ ਇਹ ਕੰਮ ਪੂਰਾ ਨਾ ਹੋ ਸਕਿਆ। ਬਾਅਦ ਵਿੱਚ ਉਸ ਦੇ ਉੱਤਰਾਧਿਕਾਰੀ ਇਲਤੁਤਮਿਸ਼ ਨੇ ਇਸ ਕੰਮ ਨੂੰ ਪੂਰਾ ਕਰਵਾਇਆ। ਇਸ ਦੀਆਂ ਪੰਜ ਮੰਜਲਾਂ ਹਨ ਅਤੇ ਇਸ ਦੀ ਉਚਾਈ 70 ਮੀਟਰ ਹੈ।



*ਚਿੱਤਰ 12.5 ਕੁਤਬਮੀਨਾਰ, ਦਿੱਲੀ*

*ਮੰਨ ਲਉ ਕਿ ਤੁਸੀਂ ਇਕ ਸ਼ਿਲਪ ਕਾਰ ਹੋ ਅਤੇ ਜ਼ਮੀਨ ਤੋਂ ਲਗਪਗ ਪੰਜਾਹ ਮੀਟਰ ਉੱਚੇ ਬਾਂਸਾਂ ਅਤੇ ਰੱਸੀ ਦੀ ਸਹਾਇਤਾ ਨਾਲ ਬਣਾਏ ਗਏ ਲਕੜੀ ਦੇ ਪਲੇਟਫਾਰਮ ਉਤੇ ਖੜ੍ਹੇ ਹੋ। ਤੁਸੀਂ ਕੁਤਬਮੀਨਾਰ ਦੇ ਪਹਿਲੇ ਛੱਜੇ ਦੇ ਹੇਠਾਂ ਇਕ ਸ਼ਿਲਾਲੇਖ ਉਕਰਨਾ ਹੈ ਤਾਂ ਤੁਸੀਂ ਕੀ ਕਰੋਗੇ ?*

ਅਲਾਉਦੀਨ ਖਿਲਜ਼ੀ ਦੇ ਰਾਜਕਾਲ ਵਿੱਚ ਭਵਨ ਨਿਰਮਾਣ ਕਲਾ ਦਾ ਨਵਾਂ ਦੌਰ ਸ਼ੁਰੂ ਹੋਇਆ। ਉਸ ਦੁਆਰਾ ਬਣਾਈਆਂ ਗਈਆਂ ਇਮਾਰਤਾਂ ਵਿੱਚੋਂ **ਅਲਾਈ ਦਰਵਾਜ਼ਾ** ਸਭ ਤੋਂ ਵੱਧ ਪ੍ਰਸਿੱਧ ਸੀ। ਇਹ ਦਰਵਾਜ਼ਾ ਲਾਲ ਪੱਥਰ ਅਤੇ ਸਫ਼ੈਦ ਸੰਗਮਰਮਰ ਦਾ ਬਣਿਆ ਹੋਇਆ ਸੀ। ਇਹ ਦਰਵਾਜ਼ਾ ਆਪਣੇ ਆਪ ਵਿੱਚ ਸੁੰਦਰ ਕਲਾ ਦਾ ਇਕ ਨਮੂਨਾ ਹੈ। ਅਲਾਉੱਦੀਨ ਖਿਲਜ਼ੀ ਨੇ **ਹਜਾਰ ਥੰਮਾਂ ਵਾਲਾ ਮਹਿਲ, ਇਕ ਹੌਜ-ਏ-ਖਾਸ** ਅਤੇ **ਜਮਾਤ ਖਾਨਾ** ਮਸਜ਼ਿਦ ਬਣਾਈ ਸੀ।



*ਚਿੱਤਰ 12.6 ਅਲਾਈ ਦਰਵਾਜ਼ਾ*

ਗਿਆਸਉੱਦੀਨ ਤੁਗ਼ਲਕ ਨੇ ਦਿੱਲੀ ਵਿੱਚ **ਤੁਗ਼ਲਕਾਬਾਦ** ਨਾਂ ਦਾ ਇਕ ਨਵਾਂ ਨਗਰ ਵਸਾਇਆ। ਮੁਹੰਮਦ-ਬਿਨ-ਤੁਗ਼ਲਕ ਨੇ **ਜਹਾਂਪਨਾਹ** ਨਾਂ ਦੇ ਇਕ ਨਵੇਂ ਨਗਰ ਦੀ ਉਸਾਰੀ ਕਰਵਾਈ। ਫਿਰੋਜ਼ਸ਼ਾਹ ਤੁਗ਼ਲਕ ਨੇ ਵੀ ਕਈ ਨਵੇਂ ਨਗਰਾਂ ਦਾ ਨਿਰਮਾਣ ਕਰਵਾਇਆ ਸੀ। ਉਦਾਹਰਣ ਵਜੋਂ ਫ਼ਿਰੋਜ਼ਾਬਾਦ, ਹਿਸਾਰ, ਫ਼ਿਰੋਜ਼ਾ ਅਤੇ ਜੌਨਪੁਰ ਆਦਿ ਨਾਂ ਦੇ ਪ੍ਰਸਿੱਧ ਨਗਰ ਵਸਾਏ। ਉਸ ਨੇ ਬਹੁਤ ਸਾਰੀਆਂ ਮਸਜਿਦਾਂ, ਸਕੂਲ ਅਤੇ ਪੁਲ ਵੀ ਬਣਾਏ ਸਨ।

ਲੋਧੀ ਅਤੇ ਸੱਯਦ ਵੰਸ਼ਾਂ ਦੇ ਸੁਲਤਾਨਾਂ ਨੇ **ਮੁਬਾਰਕ ਸ਼ਾਹ ਸੱਯਦ** ਅਤੇ **ਮੁਹੰਮਦ ਸ਼ਾਹ ਸੱਯਦ** ਦੇ ਮਕਬਰੇ ਬਣਾਏ ਸਨ। **ਸਿਕੰਦਰ ਲੋਧੀ ਦਾ ਮਕਬਰਾ, ਮੋਠ ਦੀ ਮਸਜਿਦ, ਬੜਾ ਗੁਬੰਦ** ਆਦਿ ਲੋਧੀ ਕਾਲ ਵਿੱਚ ਬਣਾਏ ਗਏ ਸਨ।

## ਦੱਖਣ ਦੀ ਇਮਾਰਤਕਾਰੀ

ਦੱਖਣੀ ਭਾਰਤ ਵਿੱਚ ਬਾਹਮਨੀ ਅਤੇ ਵਿਜੈਨਗਰ ਰਾਜ ਦੇ ਰਾਜਿਆਂ ਨੇ ਕਈ ਪ੍ਰਸਿੱਧ ਇਮਾਰਤਾਂ



***ਚਿੱਤਰ 12.7** ਚਾਰ ਮੀਨਾਰ, ਹੈਦਰਾਬਾਦ*

ਬਣਾਈਆਂ ਸਨ। ਬਾਹਮਨੀ ਰਾਜਕਾਲ ਸਮੇਂ **ਜਾਮਾ ਮਸਜਿਦ, ਚਾਰ ਮੀਨਾਰ, ਮਹਿਮੂਦ ਗਵਾ** ਦਾ ਮਦਰੱਸਾ ਆਦਿ ਇਮਾਰਤਾਂ ਬਣਾਈਆਂ ਗਈਆਂ ਸਨ। ਗੁਲਬਰਗਾ ਵਿਖੇ **ਫਿਰੋਜ਼ਸ਼ਾਹ ਦਾ ਮਕਬਰਾ** ਭਵਨ ਨਿਰਮਾਣ ਕਲਾ ਦਾ ਸੁੰਦਰ ਨਮੂਨਾ ਹੈ। ਵਿਜੈਨਗਰ ਰਾਜ ਦੇ ਰਾਜਿਆਂ ਨੇ ਵੀ **ਹਜਾਰਾ ਰਾਮ** ਅਤੇ **ਵਿਠੱਲ ਸਵਾਮੀ** ਮੰਦਰ ਆਦਿ ਬਣਵਾਏ ਸਨ।



***ਚਿੱਤਰ 12.8** ਜਾਮਾ ਮਸਜਿਦ, ਦਿੱਲੀ*

*ਮਸਜਿਦ : ਮਸਜਿਦ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਕਿ ਇੱਕ ਅਜਿਹਾ ਸਥਾਨ ਜਿੱਥੇ ਮੁਸਲਮਾਨ ਅੱਲ੍ਹਾ ਦੀ ਅਰਾਧਨਾ ਵਿੱਚ ਸਜ਼ਦਾ ਕਰਦੇ ਹਨ। ਜਾਮਾ ਮਸਜਿਦ ਵਿੱਚ ਬਹੁਤ ਸਾਰੇ ਮੁਸਲਮਾਨ ਇਕੱਠੇ ਹੋਕੇ ਨਮਾਜ਼ ਪੜ੍ਹਦੇ ਹਨ। ਨਮਾਜ਼ ਪੜ੍ਹਨ ਸਮੇਂ ਮੁਸਲਮਾਨ ਮੱਕੇ ਵਲ ਮੂੰਹ ਕਰਕੇ ਖੜ੍ਹੇ ਹੁੰਦੇ ਹਨ।*

## ਮੁ.ਗਲਾਂ ਅਧੀਨ ਸਮਾਰਕ ਨਿਰਮਾਣ ਕਲਾ (1526 ਈ: ਤੋਂ 1707 ਈ: ਤਕ)

ਮੁਗ਼ਲ ਬਾਦਸ਼ਾਹ ਬਾਬਰ, ਹੁਮਾਯੂੰ, ਅਕਬਰ, ਜਹਾਂਗੀਰ ਅਤੇ ਵਿਸ਼ੇਸ਼ ਤੌਰ ਤੇ ਸ਼ਾਹਜਹਾਂ ਨੂੰ ਭਵਨ ਨਿਰਮਾਣ ਕਲਾ ਨਾਲ਼ ਬਹੁਤ ਪਿਆਰ ਸੀ। ਮੁਗ਼ਲ ਬਾਦਸ਼ਾਹਾਂ (ਸ਼ਾਸਕਾਂ) ਨੇ ਮੰਦਰ, ਕਿਲ੍ਹੇ, ਮਹਿਲ, ਮਕਬਰੇ ਅਤੇ ਮਸਜਿਦਾਂ ਅਤੇ ਬਾਗ ਬਣਾਏ ਸਨ। ਅਕਬਰ ਨੇ ਬਹੁਤ ਸਾਰੇ ਕਿਲ੍ਹੇ ਅਤੇ ਇਮਾਰਤਾਂ ਲਾਲ਼ ਪੱਥਰ ਦੀਆਂ ਬਣਾਈਆਂ ਸਨ। ਉਹਨਾਂ ਵਿੱਚੋਂ ਫ਼ਤਿਹਪੁਰ ਸੀਕਰੀ ਵਿਖੇ **ਜਾਮਾ ਮਸਜਿਦ, ਪੰਚ ਮਹਿਲ, ਦੀਵਾਨ-ਏ-ਖਾਸ** ਅਤੇ **ਦੀਵਾਨ-ਏ-ਆਮ** ਇਮਾਰਤਾਂ ਬਹੁਤ ਪ੍ਰਸਿੱਧ ਹਨ। ਇੱਥੇ ਹੀ ਅਕਬਰ ਨੇ ਗੁਜਰਾਤ ਦੀ ਜਿੱਤ ਵਿੱਚ ਇਕ **ਬੁਲੰਦ ਦਰਵਾਜ਼ਾ** ਬਣਾਇਆ। ਉਸ ਦੀਆਂ ਇਮਾਰਤਾਂ **ਈਰਾਨੀ ਅਤੇ ਹਿੰਦੂ ਭਵਨ ਨਿਰਮਾਣ ਕਲਾ** ਦੇ ਨਮੂਨੇ ਦੀਆਂ ਸਨ।

ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਸਿਕੰਦਰਾਂ ਵਿਖੇ ਅਕਬਰ ਅਤੇ ਆਗਰੇ ਵਿਖੇ **ਇਤਮਾਦਉਦ-ਦੌਲਾ** ਦਾ ਮਕਬਰਾ ਚਿੱਟੇ ਸੰਗਮਰਮਰ ਦਾ ਬਣਾਇਆ।



*ਚਿੱਤਰ 12.9 ਬੁਲੰਦ ਦਰਵਾਜ਼ਾ, ਫਤਿਹਪੁਰ ਸੀਕਰੀ*

## ਸ਼ਾਹਜਹਾਂ ਬਾਦਸ਼ਾਹ ਦੀ ਭਵਨ ਨਿਰਮਾਣ ਕਲਾ ਦਾ ਵਿਸ਼ੇਸ਼ ਅਧਿਐਨ

ਮੁਗ਼ਲ ਸ਼ਾਸਕਾਂ ਵਿੱਚੋਂ ਸ਼ਾਹਜਹਾਂ ਇੱਕ ਮਹਾਨ ਭਵਨ ਨਿਰਮਾਤਾ ਸੀ। ਉਸ ਨੂੰ ਭਵਨ ਨਿਰਮਾਤਾਵਾਂ ਦਾ ਸ਼ਾਹਜ਼ਾਦਾ ਕਿਹਾ ਜਾਂਦਾ ਸੀ। ਉਸ ਨੇ ਆਪਣੇ ਰਾਜਕਾਲ ਦੌਰਾਨ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ। ਉਸ ਦੁਆਰਾ ਆਗਰੇ ਦੇ ਕਿਲ੍ਹੇ ਵਿੱਚ **ਦੀਵਾਨ-ਏ-ਖਾਸ, ਦੀਵਾਨ-ਏ-ਆਮ, ਮੋਤੀ ਮਸਜਿਦ** ਅਤੇ **ਤਾਜ ਮਹਿਲ** ਆਦਿ ਸੁੰਦਰ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ। ਉਸ ਦੁਆਰਾ ਬਣਾਈਆਂ ਗਈਆਂ ਇਮਾਰਤਾਂ, ਸੁੰਦਰ ਅਤੇ ਸੋਹਣੀਆਂ ਸਨ। ਸ਼ਾਹਜਹਾਂ ਦੀਆਂ ਇਮਾਰਤਾਂ ਵਿੱਚੋਂ ਆਗਰੇ ਵਿਖੇ ਬਣੀ **ਤਾਜ ਮਹਿਲ** ਦੀ ਇਮਾਰਤ ਸਭ ਤੋਂ ਜ਼ਿਆਦਾ ਪ੍ਰਸਿੱਧ ਹੈ। ਸ਼ਾਹਜਹਾਂ ਨੇ ਆਪਣੀ ਪਿਆਰੀ ਬੇਗਮ **ਮੁਮਤਾਜ ਮਹਿਲ** ਦੀ ਯਾਦ ਵਿੱਚ ਇਸ ਦਾ ਨਿਰਮਾਣ ਕਰਵਾਇਆ ਸੀ। ਤਾਜ ਮਹਿਲ ਦੀ ਉਸਾਰੀ ਕਰਨ ਲਈ ਲਗਪਗ 20,000 ਕਾਰੀਗਰ, 22 ਸਾਲਾਂ ਤਕ ਕੰਮ ਕਰਦੇ ਰਹੇ ਸਨ ਅਤੇ ਇਸ 'ਤੇ 3 ਕਰੋੜ ਰੁਪਏ ਖਰਚ ਕੀਤੇ ਗਏ।



*ਚਿੱਤਰ 12.10 ਤਾਜ ਮਹਿਲ, ਆਗਰਾ*

ਤਾਜ ਮਹਿਲ ਬਹੁਤ ਸਾਰੀਆਂ ਭਵਨ ਨਿਰਮਾਣ ਕਲਾ ਦੇ ਨਮੂਨਿਆਂ ਦਾ ਸੁਮੇਲ (ਮਿਸ਼ਰਣ) ਹੈ। ਇਹ ਸੰਗਮਰਮਰ ਦਾ ਬਣਿਆ ਹੋਇਆ ਹੈ। ਇਹ ਦੂਸਰੇ ਦੇਸ਼ਾਂ ਤੋਂ ਮੰਗਵਾਏ ਗਏ ਲਗਪਗ 20 ਤਰ੍ਹਾਂ ਦੇ ਕੀਮਤੀ ਪੱਥਰਾਂ ਨਾਲ਼ ਸਜਾਇਆ ਗਿਆ ਹੈ। ਇਸ ਦੀ ਖ਼ੂਬਸੂਰਤੀ ਕਾਰਨ ਇਸ ਦੀ ਗਿਣਤੀ ਦੁਨੀਆਂ ਦੇ 7 ਅਜੂਬਿਆਂ ਵਿੱਚ ਕੀਤੀ ਜਾਂਦੀ ਹੈ।

*ਕੀ ਤੁਸੀਂ ਇਸ ਦਾ ਕਾਰਨ ਸਮਝਦੇ ਹੋ ਕਿ ਤਾਜ ਮਹਿਲ ਦੀ ਗਿਣਤੀ ਦੁਨੀਆਂ ਦੇ 7 ਅਜੂਬਿਆ ਵਿਚ ਕਿਉਂ ਕੀਤੀ ਜਾਂਦੀ ਹੈ ?*

**ਲਾਲ ਕਿਲ੍ਹਾ :** 1639 ਈ: ਵਿੱਚ ਇਹ ਕਿਲ੍ਹਾ ਸ਼ਾਹਜਹਾਂ ਦੁਆਰਾ ਦਿੱਲੀ ਵਿਖੇ, ਜਮੁਨਾ ਕਿਨਾਰੇ, ਲਾਲ ਪੱਥਰਾਂ ਦਾ ਬਣਾਇਆ ਗਿਆ ਸੀ। ਇਸ ਵਿੱਚ **ਰੰਗ ਮਹਿਲ, ਦੀਵਾਨ-ਏ-ਆਮ** ਅਤੇ **ਦੀਵਾਨ-ਏ-ਖਾਸ, ਸ਼ਾਹ ਬੁਰਜ, ਖਵਾਬ-ਗਾਹ** ਆਦਿ ਕਈ ਸੁੰਦਰ ਇਮਾਰਤਾਂ ਸ਼ਾਮਲ ਹਨ। ਇਹਨਾਂ ਵਿੱਚੋਂ ਦੀਵਾਨ–ਏ–ਖਾਸ ਸ਼ਾਹਜਹਾਂ ਦੀ ਸਭ ਤੋਂ ਪ੍ਰਸਿੱਧ ਇਮਾਰਤ ਹੈ। ਇਸ ਨੂੰ ਕੀਮਤੀ ਪੱਥਰਾਂ, ਹੀਰਿਆਂ ਅਤੇ ਸੋਨੇ, ਚਾਂਦੀ ਦੀਆਂ ਚੀਜਾਂ ਨਾਲ਼ ਸਜਾਇਆ ਗਿਆ ਹੈ।

**ਮੋਤੀ ਮਸਜਿਦ :** ਸ਼ਾਹਜਹਾਂ ਦੁਆਰਾ ਆਗਰੇ ਵਿਖੇ ਲਾਲ ਕਿਲ੍ਹੇ ਵਿੱਚ ਮੋਤੀ ਮਸਜਿਦ ਬਣਾਈ ਗਈ ਸੀ। ਇਸ ਨੂੰ ਬਣਾਉਣ ਲਈ ਚਾਰ ਸਾਲ ਲੱਗੇ ਤੇ ਲਗਪਗ 3,00,000 ਰੁਪਏ ਦਾ ਖਰਚਾ ਹੋਇਆ ਸੀ। ਇਹ ਮਸਜਿਦ ਸੰਗਮਰਮਰ ਦੀ ਬਣੀ ਹੋਈ ਹੈ।



*ਚਿੱਤਰ 12.11 ਲਾਲ ਕਿਲ੍ਹਾ, ਦਿੱਲੀ*

**ਮੁਸਾਮਨ ਬੁਰਜ਼ :** ਇਹ ਬੁਰਜ਼ ਸੰਗਮਰਮਰ ਦਾ ਬਣਿਆ ਹੋਇਆ ਹੈ। ਇਹ ਬਹੁਤ ਸੁੰਦਰ ਹੈ। ਇਸ ਮਹਿਲ ਤੋਂ ਤਾਜ਼ ਮਹਿਲ ਸਾਫ਼ ਦਿਖਾਈ ਦਿੰਦਾ ਹੈ।

**ਸ਼ਾਹਜਹਾਂਬਾਦ :** 1639 ਈ: ਵਿੱਚ ਸ਼ਾਹਜਹਾਂ ਨੇ ਸ਼ਾਹਜਹਾਂਬਾਦ ਨਗਰ ਦੀ ਨੀਂਹ ਰੱਖੀ ਸੀ। ਇਸ ਨਗਰ ਦੀ ਉਸਾਰੀ ਕਰਨ ਲਈ ਦੂਰੋਂ ਨੇੜਿਓਂ ਨਿਪੁੰਨ ਕਾਰੀਗਰ, ਮਿਸਤਰੀ, ਅਤੇ ਮਜ਼ਦੂਰ ਬੁਲਾਏ ਗਏ ਸਨ।

**ਜਾਮਾ ਮਸਜਿਦ :** ਇਹ ਭਾਰਤ ਦੀਆਂ ਵੱਡੀਆਂ ਮਸਜਿਦਾਂ ਵਿੱਚੋਂ ਇੱਕ ਹੈ। ਇਹ ਇੱਕ ਉਚੇ ਥੜ੍ਹੇ ਤੇ ਬਣੀ ਹੋਈ ਹੈ। ਇਸ ਦੀ ਉਸਾਰੀ ਦਾ ਕੰਮ ਦਸ ਸਾਲਾਂ ਵਿੱਚ ਪੂਰਾ ਕੀਤਾ ਗਿਆ ਸੀ।



*ਚਿੱਤਰ 12.12 ਜਾਮਾ ਮਸਜਿਦ, ਦਿੱਲੀ*

**ਜਹਾਂਗੀਰ ਦਾ ਮਕਬਰਾ :** ਇਹ ਮਕਬਰਾ ਸ਼ਾਹਦਰਾ ਵਿਖੇ (ਪਾਕਿਸਤਾਨ ਵਿੱਚ) ਸ਼ਾਹਜਹਾਂ ਦੁਆਰਾ ਬਣਾਇਆ ਗਿਆ ਸੀ। ਇਹ ਸੰਗਮਰਮਰ ਨਾਲ਼ ਸਜਾਇਆ ਹੋਇਆ ਹੈ।

ਬਾਦਸ਼ਾਹ ਸ਼ਾਹਜਹਾਂ ਬਾਗ਼ ਲਗਾਉਣ ਵਿੱਚ ਬਹੁਤ ਰੁਚੀ ਰੱਖਦਾ ਸੀ। ਉਸ ਨੇ ਬਹੁਤ ਸਾਰੇ ਬਾਗ਼ ਲਗਵਾਏ। ਉਹਨਾਂ ਵਿੱਚੋਂ ਦਿੱਲੀ ਦੇ **ਸ਼ਾਲੀਮਾਰ ਬਾਗ਼** ਅਤੇ ਕਸ਼ਮੀਰ ਦਾ **ਵਜ਼ੀਰ ਬਾਗ਼** ਬਹੁਤ ਪ੍ਰਸਿੱਧ ਹਨ। ਕੁਝ ਬਾਗ ਤਾਜ਼ ਮਹਿਲ ਅਤੇ ਲਾਲ ਕਿਲ੍ਹੇ ਵਿੱਚ ਵੀ ਲਗਵਾਏ ਗਏ ਸਨ।



*ਚਿੱਤਰ 12.13 ਸ਼ਾਲੀਮਾਰ ਬਾਗ ਦਿੱਲੀ*

**ਸ਼ਾਹਜਹਾਂ ਦਾ ਤਖਤ-ਏ-ਤਾਊਸ (ਮੋਰਮੁਕੱਟ):** ਇਹ ਦੀਵਾਨ-ਏ-ਖ਼ਾਸ ਵਿੱਚ ਰੱਖਿਆ ਹੋਇਆ ਹੈ। ਇਹ ਸੰਗਮਰਮਰ ਦਾ ਬਣਿਆ ਹੋਇਆ ਹੈ। ਇਸ ਨੂੰ ਬਣਾਉਣ ਲਈ ਸੱਤ ਸਾਲ ਲੱਗੇ ਅਤੇ 100 ਲੱਖ ਰੁਪਏ ਖਰਚ ਕੀਤੇ ਗਏ ਸਨ। 1739 ਈ: ਵਿੱਚ ਨਾਦਰਸ਼ਾਹ ਇਸ ਨੂੰ ਆਪਣੇ ਨਾਲ਼ ਈਰਾਨ ਲੈ ਗਿਆ ਸੀ।



*ਚਿੱਤਰ 12.14 ਸ਼ਾਹਜਹਾਂ ਦਾ ਤਖਤ-ਏ-ਤਾਊਸ*

## ਯਾਦ ਰੱਖਣ ਯੋਗ ਨੁਕਤੇ

1. 800 ਈ. ਤੋਂ 1200 ਈ. ਤੱਕ ਉੱਤਰੀ ਭਾਰਤ ਵਿੱਚ ਜਗਨਨਾਥ ਪੁਰੀ ਵਿਚ ਵਿਸ਼ਨੂੰ ਦਾ ਮੰਦਰ, ਭੁਵਨੇਸ਼ਵਰ ਵਿੱਚ ਲਿੰਗਰਾਜ਼ ਮੰਦਰ, ਕੋਨਾਰਕ ਵਿਚ ਸੂਰਜ ਮੰਦਰ ਅਤੇ ਮਾਊਂਟਆਬੂ ਵਿੱਚ ਤੇਜ਼ ਪਾਲ ਮੰਦਰ ਆਦਿ ਦਾ ਨਿਰਮਾਣ ਕੀਤਾ ਗਿਆ।
2. 800 ਈ. ਤੋਂ 1200 ਈ. ਤੱਕ ਦੱਖਣੀ ਭਾਰਤ ਵਿੱਚ ਰਾਜਰਾਜੇਸ਼ਵਰ ਮੰਦਰ, ਗੰਗਈਕੋਂਡ ਚੋਲ ਪੁਰਮ ਮੰਦਰ, ਐਲੋਰਾ ਵਿਖੇ ਕੈਲਾਸ਼ ਮੰਦਰ ਆਦਿ ਪ੍ਰਸਿੱਧ ਮੰਦਰਾਂ ਦਾ ਨਿਰਮਾਣ ਹੋਇਆ।
3. 1206 ਈ. ਤੋਂ 1526 ਈ. ਤਕ ਦਿੱਲੀ ਸਲਤਨਤ ਸਮੇਂ ਕੁਵੱਤ-ਅਲ-ਇਸਲਾਮ ਮਸਜਿਦ, ਢਾਈ-ਦਿਨ-ਕਾ-ਝੌਂਪੜਾ ਮਸਜਿਦ, ਕੁਤਬ ਮੀਨਾਰ, ਅਲਾਈ ਦਰਵਾਜ਼ਾ, ਹਜ਼ਾਰ ਥੰਮਾਂ ਵਾਲਾ ਮਹਿਲ, ਇਕ ਹੌਜ-ਏ-ਖਾਸ, ਜਮਾਤ ਖਾਨਾ ਮਸਜਿਦ, ਜਹਾਂਪਨਾਹ ਨਗਰ, ਤੁਗਲਕਾਬਾਦ ਨਗਰ, ਫਿਰੋਜ਼ਾਬਾਦ, ਹਿਸਾਰ ਅਤੇ ਜੌਨਪੁਰ ਆਦਿ ਨਗਰ ਸਥਾਪਿਤ ਕੀਤੇ ਗਏ।
4. ਮੁਗ਼ਲ ਰਾਜਕਾਲ ਵਿੱਚ ਜਾਮਾ ਮਸਜਿਦ, ਪੰਚ ਮਹਿਲ, ਦੀਵਾਨ-ਏ-ਆਮ, ਬੁਲੰਦ ਦਰਵਾਜ਼ਾ, ਇਤਮਾਦ-ਉਦ-ਦੌਲਾ ਦਾ ਮਕਬਰਾ ਆਦਿ ਦਾ ਨਿਰਮਾਣ ਕੀਤਾ ਗਿਆ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ —

1. ਉੱਤਰੀ ਭਾਰਤ ਦੇ ਪ੍ਰਮੁੱਖ ਮੰਦਰ ਕਿਹੜੇ ਹਨ?
2. ਭਾਰਤੀ-ਮੁਸਲਿਮ ਭਵਨ ਨਿਰਮਾਣ ਕਲਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸੋ।
3. ਦੱਖਣੀ ਭਾਰਤ ਦੇ ਮੰਦਰ ਕਿਹੜੇ ਹਨ?
4. ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੂੰ ਭਵਨ ਨਿਰਮਾਤਾਵਾਂ ਦਾ ਸ਼ਾਹਜ਼ਾਦਾ ਕਿਉਂ ਕਿਹਾ ਜਾਂਦਾ ਹੈ।

### (ਅ) ਹੇਠ ਲਿਖੇ ਖਾਲੀ ਸਥਾਨ ਭਰੋ —

1. ............ ਦੁਆਰਾ ਕੁਤਬ ਮੀਨਾਰ ਦੀ ਉਸਾਰੀ ਕਰਵਾਈ ਗਈ ਸੀ।
2. ਮੁਗ਼ਲ ਬਾਦਸ਼ਾਹ ਅਕਬਰ ਨੇ ............ ਨੂੰ ਆਪਣੀ ਰਾਜਧਾਨੀ ਬਣਾਇਆ ਸੀ।

3. ਬੁਲੰਦ ਦਰਵਾਜ਼ਾ ............ ਵਿਖੇ ਸਥਿਤ ਹੈ।

4. ਤਾਜ਼ ਮਹਿਲ ............ ਦੁਆਰਾ ............ ਦੀ ਯਾਦ ਵਿੱਚ ਉਸਾਰਿਆ ਗਿਆ ਸੀ।

5. ............ ਜਹਾਂਗੀਰ ਨੇ ਬਣਾਇਆ ਸੀ।

**(ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਓ —**

1. ਭਾਰਤ ਵਿੱਚ ਤੁਰਕਾਂ ਅਤੇ ਅਫਗਾਨਾਂ ਦੁਆਰਾ ਭਵਨ ਨਿਰਮਾਣ ਕਲਾ ਦੀਆਂ ਨਵੀਆਂ ਵਿਧੀਆਂ ਅਤੇ ਨਮੂਨੇ ਤਿਆਰ ਕੀਤੇ ਗਏ। ☐
2. ਚੰਦੇਲ ਸ਼ਾਸਕਾਂ ਦੁਆਰਾ ਖੁਜ਼ਰਾਹੋ ਵਿਖੇ ਮੰਦਰ ਉਸਾਰੇ ਗਏ ਸਨ। ☐
3. ਅਲਾਉਦੀਨ ਖਿਲਜੀ ਨੇ ਸੀਰੀ ਨੂੰ ਨਵੀ ਰਾਜਧਾਨੀ ਬਣਾਇਆ ਸੀ। ☐
4. ਮੁਹੰਮਦ ਤੁਗ਼ਲਕ ਨੇ ਤੁਗ਼ਲਕਾਬਾਦ ਨਗਰ ਵਸਾਇਆ ਸੀ। ☐
5. ਚੋਲ ਸ਼ਾਸਕਾਂ ਦੁਆਰਾ ਬਣਾਏ ਗਏ ਮੰਦਰਾਂ ਵਿੱਚ ਭਵਨ ਨਿਰਮਾਣ ਕਲਾ ਦੇ ਦਰਾਵਿੜ ਸ਼ੈਲੀ ਨਮੂਨੇ ਦੀ ਵਰਤੋਂ ਕੀਤੀ ਗਈ ਸੀ। ☐

## ਗਤੀਵਿਧੀ

1. ਮੁਗ਼ਲਕਾਲ ਦੀਆਂ ਸਮਾਰਕ ਨਿਰਮਾਣ ਕਲਾ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਨੋਟ ਬੁੱਕ ਵਿੱਚ ਚਿਪਕਾਉ।
2. ਤਾਜ ਮਹਿਲ ਦਾ ਚਿੱਤਰ ਬਣਾਉ।